INTERNATIONAL MAGAZINE
RNI No. 61816/95

Postal Regd. No. CHD/0081/2024-26

Date of Publishing : 21.08.2026
Page No. from 1 to 60
Date of posting
Last Date of Every Month
Posted by MBU

30/-

ਏਕੋ ਬ੍ਰਹਮੁ ਦੁਤੀਅ ਨਾਸਿਤ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਸਤੰਬਰ 2026



If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

ਸੰਨ 1604 ਈਸਵੀ ਵਿੱਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇਂ ਪਾਵਨ ਸਰੂਪ ਨੂੰ ਸਦੀਵੀ ਅਦਬ ਅਤੇ ਅਤਿਅੰਤ ਸਤਿਕਾਰ ਹਿਤ, ਆਪਣੇ ਆਸਣ ਤੋਂ ਉੱਚੇ ਤਖਤ ਉੱਤੇ ਪ੍ਰਕਾਸ਼ ਕਰਵਾਇਆ। ਇਸ ਪਾਵਨ ਅਵਸਰ 'ਤੇ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ-ਸਨਮਾਨ ਬਖਸ਼ਿਆ।

# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਸਤੰਬਰ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ** — ਭਾਈ. (ਡਾ.) ਸੁਖਵਿੰਦਰ ਸਿੰਘ ਜੀ

**Media Broadcast (Ratwara Sahib)**

Please visit us on internet at :-

For Atam Marg Email : atammarg1@yahoo.co.in,

Website & Live video -

https:gurdwaraisherprakashratwarasahib.com

www.ratwarasahib.org, www.ratwarasahib.com

www.vgrmct.org

Apps: RATWARASAHIB TV, (for both apple & andriod)

(Availeble 24 Hours)

**Live Programme & Cable Tv Network**

98728-14385, 94172-14385, 98147-12900

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib

(New Chandigarh) P.o. Mullanpur Garibdas,

Teh. Kharar, Distt. S.A.S Nagar

(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਮੈਗਜ਼ੀਨ ਸਬੰਧੀ ਫੋਨ

15 ਤਾਰੀਖ ਤੱਕ ਨਾ ਮਿਲਣ 'ਤੇ

84378-12900

94172-14391

94172-14379

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ 001-604-433-0408

ਭਾਈ ਤਰਸੇਮ ਸਿੰਘ ਬੈਂਸ 001-604-862-9525

ਭਾਈ ਜਸਬੀਰ ਸਿੰਘ ਰਾਣੂ 001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ 0044-121-200-2818

ਭਾਈ ਅਰਵਿੰਦਰ ਸਿੰਘ (ਰਾਜ) 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : 0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

94172-14378, 94172-14384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਰਿਹਾਇਸ਼ ਲਈ - 85570-12900

98889-10777, 96461-01996, 94172-14381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8

*ਭਾਈ (ਡਾ.) ਸੁਖਵਿੰਦਰ ਸਿੰਘ*

3. ਚਉਥੈ ਪਹਰਿ ਸਬਾਹ ਕੈ..............॥ 11

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਭਾਈ ਧਿੰਗ ਨੂੰ ਉਪਦੇਸ਼ 17

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਗੁਰਬਾਣੀ ਅਨੁਸਾਰ ਸੰਤ ਕੌਣ ਹੈ ? 26

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ 36

*ਸੰਤ ਬਾਬਾ ਲਖਬੀਰ ਸਿੰਘ ਜੀ*

7. ਸਰਬ ਰੋਗ ਕਾ ਅਉਖਦੁ ਨਾਮੁ ॥ 42

*ਸੰਤ ਬਾਬਾ ਹਰਪਾਲ ਸਿੰਘ ਜੀ*

8. ਗੁਰਬਾਣੀ ਅਰਥ ਭੰਡਾਰ 45

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. ਜਨ ਪਰਉਪਕਾਰੀ ਆਏ - ਭਾਗ 4 48

*ਪ੍ਰੋ. ਗੁਰਦੇਵ ਸਿੰਘ*

10. ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52

*ਡਾ. ਇੰਦਰਜੀਤ ਸਿੰਘ ਗੋਗੋਆਣੀ*

11. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਸਤੰਬਰ ਮਹੀਨੇ ਦੀ 12 ਤਾਰੀਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਹੈ। ਇਸ ਲਈ 'ਆਤਮ ਮਾਰਗ' ਦੇ ਪ੍ਰੇਮੀਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ। ਗੁਰੂ ਫੁਰਮਾਨ ਹੈ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ - ੬੨੮*

ਸੰਸਾਰ ਅੰਦਰ ਸੱਚ ਦਾ ਮਾਰਗ ਦਰਸਾਉਣ ਲਈ ਸਮੇਂ-ਸਮੇਂ ਵੱਖ-ਵੱਖ ਮਜ਼੍ਹਬ ਹੋਂਦ ਵਿਚ ਆਏ। ਜੀਵਨ ਜੁਗਤਿ ਦਰਸਾਉਣ ਦੇ ਨਾਲ-ਨਾਲ ਇਨ੍ਹਾਂ ਵਲੋਂ ਜੀਵ, ਸਮਾਜ ਅਤੇ ਪਰਮ ਸ਼ਕਤੀਮਾਨ ਪ੍ਰਮੇਸ਼ਰ ਵਿਚਕਾਰ ਪਰਸਪਰ ਸੰਬੰਧਾਂ ਦਾ ਵਿਖਿਆਨ ਵੀ ਹੁੰਦਾ ਰਿਹਾ। ਇਨ੍ਹਾਂ ਮਜ਼੍ਹਬਾਂ ਨੂੰ ਆਮ ਤੌਰ ਤੇ 'ਧਰਮ' ਦੀ ਸੰਗਿਆ ਵੀ ਦਿਤੀ ਜਾਂਦੀ ਹੈ ਜਦ ਕਿ ਧਰਮ ਅਤੇ ਮਜ਼੍ਹਬ ਵਿਚ ਫਰਕ ਹੁੰਦਾ ਹੈ। ਮਜ਼੍ਹਬ ਜੀਵਨ ਦੀ ਰਹੁ-ਰੀਤੀ ਹੈ ਜਦ ਕਿ ਧਰਮ ਸਰਬ ਸਾਂਝਾ ਹੁੰਦਾ ਹੈ। ਇਨ੍ਹਾਂ ਦੇ ਸੰਚਾਲਕਾਂ ਨੇ ਵੀ ਆਪਣੇ ਸੱਚੇ-ਸੁੱਚੇ ਜੀਵਨ ਦੇ ਕਿਰਦਾਰ ਰਾਹੀਂ ਲੋਕਾਈ ਨੂੰ ਪ੍ਰਕਾਸ਼ ਬਖਸ਼ਿਆ। ਉਨ੍ਹਾਂ ਵਲੋਂ ਦਿਤੇ ਸਿਧਾਂਤਾਂ ਨੇ ਕੌਮੀਅਤਾਂ ਦੀ ਸਿਰਜਣਾ ਕੀਤੀ। ਹਰ ਧਰਮ ਦੇ ਬਾਨੀ ਮਹਾਂਪੁਰਸ਼ਾਂ ਵਲੋਂ ਉਚਾਰਣ ਹੋਏ ਪਵਿੱਤਰ ਸ਼ਬਦਾਂ ਨੂੰ ਲਿਖਤੀ ਰੂਪ ਵਿਚ ਸਾਂਭਣ ਦੀ ਕੋਸ਼ਿਸ਼ ਕੀਤੀ ਗਈ। ਇਸ ਤਰ੍ਹਾਂ ਇਕੱਤਰ ਕੀਤੇ ਪਵਿੱਤਰ ਸ਼ਬਦਾਂ ਦੇ ਸੰਗ੍ਰਹਿ ਨੂੰ ਬਾਅਦ ਵਿਚ ਉਸ ਧਰਮ ਦੇ ਪਵਿੱਤਰ ਧਰਮ ਗ੍ਰੰਥ ਦਾ ਨਾਂ ਦਿਤਾ ਗਿਆ, ਜਿਵੇਂ ਕਿ ਪਵਿੱਤਰ ਬਾਈਬਲ, ਪਵਿੱਤਰ ਕੁਰਾਨ, ਪਵਿੱਤਰ ਵੇਦ, ਬੁੱਧ ਤ੍ਰਿਪਿਟਕ, ਜੈਨ ਅੰਗ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਇਹ ਇਕ ਵੱਖਰੀ ਵਿਚਾਰ ਹੈ ਕਿ ਇਨ੍ਹਾਂ ਧਰਮ ਗ੍ਰੰਥਾਂ ਦੇ ਪਵਿੱਤਰ ਸ਼ਬਦਾਂ ਨੂੰ ਕਿਵੇਂ ਅਤੇ ਕਦੋਂ ਸੰਭਾਲਿਆ ਗਿਆ। ਇਨ੍ਹਾਂ ਦੇ ਇਤਿਹਾਸ ਵ1ਲ ਨਜ਼ਰਸਾਨੀ ਕੀਤਿਆਂ ਜਾਣਕਾਰੀ ਮਿਲਦੀ ਹੈ ਕਿ ਇਹ ਧਰਮ ਗ੍ਰੰਥ ਉਨ੍ਹਾਂ ਦੇ ਸੰਚਾਲਕ ਮਹਾਂਪੁਰਸ਼ਾਂ ਤੋਂ ਕਾਫੀ ਸਮਾਂ ਬਾਅਦ ਹੋਂਦ ਵਿਚ ਆਏ ਹਨ। ਸਮਾਂ ਬੀਤਣ ਨਾਲ ਇਨ੍ਹਾਂ ਮੌਲਿਕ ਗ੍ਰੰਥਾਂ ਵਿਚ ਵਾਧੇ-ਘਾਟੇ ਹੋਣੇ ਸੁਭਾਵਿਕ ਸਨ।

ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵੀਨਤਮ ਧਰਮ ਹੈ। ਇਸ ਧਰਮ ਦੇ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਾਚਣ ਤੇ ਜਾਣਕਾਰੀ ਮਿਲਦੀ ਹੈ ਕਿ ਗੁਰੂ ਸਾਹਿਬਾਨ ਪਹਿਲਾਂ ਹੋਏ ਧਰਮਾਂ ਦੇ ਪਵਿੱਤਰ ਧਰਮ ਗ੍ਰੰਥਾਂ ਤੋਂ ਭਲੀਭਾਂਤ ਜਾਣੂ ਸਨ। ਉਨ੍ਹਾਂ ਨੇ ਆਪਣੇ ਹੁੰਦਿਆਂ ਹੀ ਆਏ ਹੋਏ ਰੱਬੀ ਸ਼ਬਦਾਂ ਨੂੰ ਲਿਖਤੀ ਰੂਪ ਵਿਚ ਸਾਂਭਣਾ ਸ਼ੁਰੂ ਕਰ ਦਿਤਾ ਸੀ। ਇਸ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) (ਪਾਕਿਸਤਾਨ) ਵਿਚ ਪ੍ਰਕਾਸ਼ ਲਿਆ। ਉਨ੍ਹਾਂ ਨੇ ਸਰਬ ਮਾਨਵਤਾ ਲਈ ਅਜਿਹੇ ਧਰਮ ਦੀ ਨੀਂਹ ਰੱਖੀ ਜਿਸਦਾ ਧੁਰਾ ਸੀ- '***ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥'*** ਅਜਿਹਾ ਇਲਾਹੀ ਨਾਦ ਪ੍ਰਗਟਾਅ ਕੇ ਆਪ ਜੀ ਨੇ ਮਨੁੱਖਤਾ ਦੇ ਦੁਆਲੇ ਖੜ੍ਹੀਆਂ ਕੀਤੀਆਂ ਵਲਗਣਾਂ ਨੂੰ ਖਤਮ ਕੀਤਾ। ਇਸ ਧਰਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਸਾਹਿਬਾਨ ਨੇ ਬੀਜਿਆ, ਸਿੰਜਿਆ ਅਤੇ ਪ੍ਰਫੁੱਲਤ ਕੀਤਾ।

ਪ੍ਰਮੇਸ਼ਰ ਅਕਾਲ ਪੁਰਖ ਆਪ ਹੀ ਸਰਗੁਣ ਸਰੂਪ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਏ-

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ - ੧੩੯੫*

***'ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ'*** ਦੇ ਸਿਧਾਂਤ ਅਨੁਸਾਰ ਗੁਰੂ ਅਤੇ ਪ੍ਰਮੇਸ਼ਰ ਇਕੋ ਹੀ ਹਨ। ਜਦੋਂ ਵੀ ਗੁਰੂ ਜੀ ਨੂੰ ਬਾਣੀ ਦਾ ਅਵਤਰਣ ਹੁੰਦਾ, ਭਾਈ ਮਰਦਾਨਾ ਜੀ ਨੂੰ ਬਚਨ ਕਰਦੇ, "ਮਰਦਾਨਿਆ! ਬਾਣੀ ਆਈ ਹੈ,

ਰਬਾਬ ਸੁਰ ਕਰੋ।" ਜਿਸ ਰਾਗ ਵਿਚ ਬਾਣੀ ਦਾ ਪ੍ਰਕਾਸ਼ ਹੋਣਾ, ਉਸੇ ਰਾਗ ਵਿਚ ਭਾਈ ਮਰਦਾਨਾ ਜੀ ਨੇ ਰਬਾਬ ਸੁਰ ਕਰਨੀ। ਇਸ ਦੀ ਪੁਸ਼ਟੀ ਬਾਣੀ ਵਿਚੋਂ ਸਹਿਜੇ ਹੀ ਹੋ ਜਾਂਦੀ ਹੈ।

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ- ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

ਧੁਰ ਕੀ ਬਾਣੀ ਨੂੰ ਨਾਲੋਂ-ਨਾਲ ਗੁਰੂ ਬਾਬਾ ਜੀ ਨੇ ਲਿਖਤੀ ਰੂਪ ਵਿਚ ਸਾਂਭ ਕੇ ਰੱਖਣਾ ਵੀ ਸ਼ੁਰੂ ਕੀਤਾ, ਜਿਸ ਦੀ ਗਵਾਹੀ ਇਤਿਹਾਸ, ਜਨਮ ਸਾਖੀਆਂ ਅਤੇ ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਵੀ ਰੂਪਮਾਨ ਹੁੰਦੀ ਹੈ-

*ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।*
*ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ॥*
*ਭਾਈ ਗੁਰਦਾਸ ਜੀ ਵਾਰ ੧/੩੨*

ਇਸ ਤਰ੍ਹਾਂ ਸੱਚੇ ਪਾਤਸ਼ਾਹ ਵਲੋਂ ਬਾਣੀ ਨੂੰ ਲਿਖਤੀ ਰੂਪ ਵਿਚ ਸਾਂਭ ਕੇ ਰੱਖਣਾ ਭਵਿੱਖਤ ਸਮੇਂ ਲਈ ਇਕ ਪ੍ਰਕਾਸ਼ਮਈ ਦ੍ਰਿਸ਼ਟਾਂਤ ਸੀ। ***'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥'*** ਦੇ ਪਵਿੱਤਰ ਫੁਰਮਾਨ ਨਾਲ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਨੂੰ ਗੁਰੂ ਰੂਪ ਵਿਚ ਵੇਖਣ, ਸਮਝਣ ਅਤੇ ਪ੍ਰਵਾਨ ਕਰਨ ਦਾ ਸਿਧਾਂਤ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦੂਸਰੀ ਜੋਤਿ ਧੰਨ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਸਮੇਂ ਲਿਖਤੀ ਰੂਪ ਵਿਚ ਸਾਂਭੀ ਗਈ ਪਵਿੱਤਰ ਬਾਣੀ ਦੀ ਪੋਥੀ ਵੀ ਸੋਂਪਣਾ ਕੀਤੀ ਗਈ ਜਿਸਦਾ ਸਿੱਖ ਇਤਿਹਾਸ ਗਵਾਹ ਹੈ। ਇਸ ਤਰ੍ਹਾਂ ਪੰਜਵੇਂ ਗੁਰੂ ਸਾਹਿਬਾਨ ਤਕ ਬਾਣੀ ਨੂੰ ਪੋਥੀ ਦੇ ਰੂਪ ਵਿਚ ਸੰਭਾਲਣ ਦਾ ਸਿਲਸਿਲਾ ਜਾਰੀ ਰਿਹਾ।

ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਸਾਰੀ ਬਾਣੀ ਇਕੱਤਰ ਕੀਤੀ ਅਤੇ ਇਸ ਨੂੰ ਸੰਪਾਦਨ ਕਰਨ ਦਾ ਕਾਰਜ ਕੀਤਾ। 1599 ਈ. ਵਿਚ ਸ੍ਰੀ ਅੰਮ੍ਰਿਤਸਰ ਦੇ ਨੇੜੇ ਰਾਮਸਰ ਦੇ ਰਮਣੀਕ ਸਥਾਨ 'ਤੇ ਇਸ ਨੂੰ ਲਿਖਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ। 1604 ਈ. ਨੂੰ ਇਹ ਮਹਾਨ ਕਾਰਜ ਸੰਪੰਨ ਹੋਇਆ। ਇਸ ਦੇ ਪਹਿਲੇ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤੇ ਗਏ ਅਤੇ ਬਾਬਾ ਬੁੱਢਾ ਜੀ ਨੂੰ ਇਸ ਦੇ ਪਹਿਲੇ ਗ੍ਰੰਥੀ ਵਜੋਂ ਥਾਪਿਆ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਵੇਲੇ ਹੁਕਮਨਾਮਾ ਆਇਆ -

*ਸੂਹੀ ਮਹਲਾ ੫ ॥*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ ॥*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ ॥ ਅੰਗ - ੭੮੩*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਨੂੰ ਸੁਖੈਨ ਤਰੀਕੇ ਨਾਲ ਸਮਝਣ ਲਈ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ।

1. ਅੰਗ 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ ਹਨ, ਜਿਨ੍ਹਾਂ ਵਿਚ 'ਜਪੁ', 'ਸੋ ਦਰ' ਤੇ 'ਸੋਹਿਲਾ' ਦੇ ਸ਼ਬਦ ਦਰਜ ਕੀਤੇ ਗਏ ਹਨ।

2. ਅੰਗ 14 ਤੋਂ 1352 ਤੱਕ ਸਾਰੀ ਬਾਣੀ 30 ਰਾਗਾਂ 'ਚ ਉਚਾਰਨ ਹੋਈ ਹੈ। ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ, ਜੈਜਾਵੰਤੀ ਰਾਗ। ਦਰਜ ਕੀਤੀ ਅਤੇ ਇਸ ਤਰ੍ਹਾਂ ਰਾਗਾਂ ਦੀ ਗਿਣਤੀ 30 ਤੋਂ ਵਧ ਕੇ 31 ਹੋ ਗਈ।

3. ਅੰਗ 1353 ਤੋਂ 1430 ਤੱਕ ਦੇ ਹਿੱਸੇ ਵਿਚ ਸਲੋਕ ਸਹਸਕ੍ਰਿਤੀ, ਮਹਲਾ ੨ ਦੀ ਬਾਣੀ, ਸਲੋਕ ਵਾਰਾਂ ਤੇ ਵਧੀਕ ਅਤੇ ਮੁੰਦਾਵਣੀ ਮਹਲਾ ੫ ਦਰਜ ਹਨ। ਅਖੀਰ ਵਿਚ ਰਾਗਮਾਲਾ ਅੰਕਿਤ ਹੋਣ ਤੇ ਇਸ ਦੀ ਸਪੂੰਰਨਤਾ 1430 ਅੰਗ ਤੇ ਹੋ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਕੀਰਣ ਹੱਦ ਬੰਦੀਆਂ ਤੋੜ ਕੇ ਅੰਤਰ ਰਾਸ਼ਟਰੀ ਪੱਧਰ ਤੇ ਵਸਦੀ ਸਰਬ ਮਨੁੱਖਤਾ ਦਾ ਸਰਬ ਸਾਂਝਾ (ਗੁਰੂ) ਗ੍ਰੰਥ ਹੋਣ ਦਾ ਮਾਣ ਪ੍ਰਾਪਤ ਹੈ। ਇਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਹਿੰਦੂ ਭਗਤਾਂ ਅਤੇ ਮੁਸਲਮਾਨ ਪੀਰਾਂ-

## ਸੰਪਾਦਕੀ

ਫਕੀਰਾਂ ਦੀ ਬਾਣੀ ਨੂੰ ਵੀ ਬਰਾਬਰ ਦਾ ਸਥਾਨ ਦੇ ਕੇ ਸਨਮਾਨਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਗਟਾਅ ਗੁਰਮੁਖੀ ਲਿਪੀ ਵਿਚ ਕੀਤਾ ਗਿਆ ਹੈ। ਇਸ ਵਿਚ 6 ਗੁਰੂ ਸਾਹਿਬਾਨ, 15 ਭਗਤ ਸਾਹਿਬਾਨ, 11 ਭੱਟ ਅਤੇ 4 ਗੁਰਸਿੱਖਾਂ ਸਮੇਤ ਕੁੱਲ 36 ਬਾਣੀਕਾਰਾਂ ਦੀ ਬਾਣੀ ਦਰਜ ਹੈ।

1708 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜੋਤੀ ਜੋਤਿ ਸਮਾਉਣ ਵੇਲੇ ਸਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸਮੂੰਹ ਸਿੱਖ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਕਾਲ ਲਈ ਗੁਰੂ ਮੰਨਣ ਦਾ ਆਦੇਸ਼ ਦਿਤਾ –

*ਦੋਹਰਾ॥ ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥*
*ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*

ਅਜਿਹਾ ਆਦੇਸ਼ ਗੁਰਬਾਣੀ ਵਿਚ ਪਹਿਲਾਂ ਵੀ ਪ੍ਰਾਪਤ ਸੀ –

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ – ੯੮੨*

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ – ੫੧੫*

ਧਰਮਾਂ ਦੇ ਇਤਿਹਾਸ ਵਿਚ ਇਹ ਇਕੋ-ਇਕ ਅਜਿਹਾ ਧਰਮ ਗ੍ਰੰਥ ਹੈ ਜਿਸ ਨੂੰ ਗੁਰੂ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕੋ-ਇੱਕ ਅਜਿਹੇ ਧਰਮ ਗ੍ਰੰਥ ਹਨ ਜਿਸ ਦੀ ਸੰਪਾਦਨਾ ਖੁਦ ਧਰਮ ਦੇ ਬਾਨੀਆਂ ਵਲੋਂ ਆਪ ਕੀਤੀ ਕੀਤੀ ਗਈ। ਇਸ ਵਿਚਲਾ ਚਿੰਤਨ, ਮੁਕਤੀ ਦੇ ਦਰਵਾਜ਼ੇ ਖੋਲ੍ਹਦਾ ਹੋਇਆ, ਮਨੁੱਖਤਾ ਦੀ ਬੰਦ ਖਲਾਸੀ ਕਰਦਾ ਹੈ। ਪਤਿ ਸੇਤੀ ਜੀਵਨ ਜੀਉਣ ਦੀ ਸੇਧ ਬਖਸ਼ਦਾ ਹੈ, ਉੱਚੇ-ਸੁੱਚੇ ਕਿਰਦਾਰ ਅਤੇ ਆਦਰਸ਼ ਲਈ ਮਰ ਮਿਟਣ ਦਾ ਉਤਸ਼ਾਹ ਪ੍ਰਦਾਨ ਕਰਦਾ ਹੈ। ਇਸ ਵਿਚ ਰਚਨਾ ਕਾਲ ਤੋਂ ਆਰੰਭ ਕਰਕੇ ਹਿੰਦੁਸਤਾਨ ਦੇ 500 ਸਾਲਾ (12ਵੀਂ ਅਤੇ 17ਵੀਂ ਸਦੀ ਦਾ ਇਤਿਹਾਸ ਵੀ ਰੂਪਮਾਨ ਹੁੰਦਾ ਹੈ।)

ਸੰਖੇਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਸਮੁੱਚੀ ਮਨੁੱਖਤਾ ਦੇ ਉਧਾਰ ਲਈ ਹੈ ਅਤੇ ਵਿਸ਼ੇਸ਼ ਰੂਪ ਵਿਚ ਬ੍ਰਹਮ ਵਿਚ ਲੀਨ ਹੋਣ ਦੇ ਸਿਧਾਂਤ ਨੂੰ ਪੇਸ਼ ਕਰਦੀ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ – ੮੪੬*

ਇਸ ਵਿਚਲਾ ਚਿੰਤਨ ਸਮੁੱਚੀ ਕਾਇਨਾਤ ਦੇ ਉਧਾਰ ਲਈ ਅਰਦਾਸ ਕਰਦਾ ਹੈ –

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਅੰਗ – ੮੫੩*

ਰਤਵਾੜਾ ਸਾਹਿਬ ਦੇ ਪਿਆਰੇ ਮਹਾਂਪੁਰਸ਼ਾਂ ਅਤੇ ਉਨ੍ਹਾਂ ਵਲੋਂ ਸੰਚਾਲਨ ਕੀਤੇ 'ਆਤਮ ਮਾਰਗ' ਦਾ ਵੀ ਇਹੀ ਪਵਿੱਤਰ ਸੰਦੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਿਧਾਂਤਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਟਰੱਸਟ ਰਤਵਾੜਾ ਸਾਹਿਬ ਦਿਨ ਰਾਤ ਤਤਪਰ ਹੈ ਅਤੇ ਪਿਆਰੇ ਮਹਾਂਪੁਰਸ਼ਾਂ ਵਲੋਂ ਚਲਾਏ ਕਾਰਜਾਂ ਨੂੰ ਹੋਰ ਚੜ੍ਹਦੀ ਕਲਾ ਵਿਚ ਲੈ ਕੇ ਜਾਣ ਲਈ ਯਤਨਸ਼ੀਲ ਹੈ। ਸੰਤ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਵਿਚ ਸਤਿਕਾਰਯੋਗ ਮਾਤਾ ਜੀ ਦੇ ਪਵਿੱਤਰ ਜਨਮ ਦਿਹਾੜੇ 8 ਅਗਸਤ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਏ ਗਏ ਜਿਸ ਦੀ ਵਿਸਥਾਰ ਸਹਿਤ ਰਿਪੋਰਟ ਹਥਲੇ ਅੰਕ ਵਿਚ ਛਾਪੀ ਜਾ ਰਹੀ ਹੈ। ਪਾਠਕ ਜਨਾਂ ਨੂੰ ਗਿਆਤ ਹੈ ਕਿ ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਮਾਤਾ ਜੀ ਦੀ ਨਿੱਘੀ ਯਾਦ ਵਿਚ ਹੋਣ ਵਾਲੇ ਸਾਲਾਨਾ ਸਮਾਗਮ ਵੀ 30-31 ਅਕਤੂਬਰ 1-2 ਨਵੰਬਰ ਨੂੰ ਆ ਰਹੇ ਹਨ। ਹੁਣ ਤੋਂ ਇਸ ਸੰਬੰਧੀ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਰਤਵਾੜਾ ਸਾਹਿਬ ਵਿਖੇ ਚਲ ਰਹੀਆਂ ਕਾਰ ਸੇਵਾਵਾਂ ਨੂੰ ਅੰਤਿਮ ਰੂਪ ਦਿਤਾ ਰਿਹਾ ਹੈ।

ਹੋਰ ਅਨੇਕਾਂ ਲੋੜੀਂਦੇ ਸੁਚੱਜੇ ਪ੍ਰਬੰਧ ਵੀ ਹੋ ਰਹੇ ਹਨ। ਸਾਲਾਨਾ ਸਮਾਗਮ ਸਬੰਧੀ ਸਤੰਬਰ ਮਹੀਨੇ ਵਿਚ ਵਿਸ਼ੇਸ਼ ਮੀਟਿੰਗ ਰੱਖੀ ਜਾਣੀ ਹੈ। ਜਿਸ ਵਿਚ ਸਾਰੀਆਂ ਸੇਵਾਵਾਂ, ਅਤੇ ਡਿਊਟੀਆਂ 'ਤੇ ਸੰਗਤ ਨਾਲ ਵਿਚਾਰ ਕਰਕੇ ਫੈਸਲੇ ਲਏ ਜਾਣੇ ਹਨ।

ਗੁਰੂ ਕ੍ਰਿਪਾ ਸਦਕਾ ਆਪ ਜੀ ਸਭਨਾਂ ਨੂੰ ਪਿਆਰ ਭਰਿਆ ਅਤੇ ਸੇਵਾ ਸਿਮਰਨ ਵਾਲਾ ਜੀਵਨ ਪ੍ਰਾਪਤ ਹੋਵੇ ਜੀ।

# ਅਸੁਨਿ
## ਸੰਗਰਾਂਦ - ਸਤੰਬਰ 17 (ਦਿਨ ਵੀਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥**
**ਜਿੰਨ੍ਹ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥ ੮ ॥**

**ਅੰਗ- ੧੩੫**

ਰੁੱਤਾਂ ਦੇ ਬਦਲਾਅ ਨਾਲ ਦਿਸਦੇ ਸੰਸਾਰ ਦੇ ਵਾਤਾਵਰਣ ਵਿਚ ਬਦਲਾਅ ਆਉਂਦਾ ਹੈ। ਇਸੇ ਤਰ੍ਹਾਂ ਜੀਵ ਦੀ ਆਤਮਿਕ ਅਵਸਥਾ ਦਾ ਬਦਲਾਅ, ਮਨੁੱਖ ਦੇ ਵਿਹਾਰਿਕ ਜੀਵਨ ਵਿਚ ਬਦਲਾਅ ਲਿਆਉਂਦਾ ਹੈ। ਜੇਠ-ਹਾੜ ਦੀ ਤਪਸ਼ ਨੇ ਸਤਾ ਦਿਤਾ ਸੀ। ਫਿਰ ਭਾਦੁਇ (ਦੂਜੇ ਭਾਵ) ਦੇ ਭਰਮਾਂ ਦੀ ਭੜਾਸ ਨੇ ਬੇਚੈਨੀ ਵਿਚ ਕਰ ਦਿਤਾ। ਹੁਣ ਇਕ ਅਰਜ਼ੋਈ ਹੈ ਕਿ ਸਰਦ ਰੁੱਤ ਆਵੇ। ਬਾਹਰੀ ਤੇ ਅੰਦਰੂਨੀ ਤੌਰ 'ਤੇ ਠੰਢਕ ਦਾ ਵਾਤਾਵਰਣ ਬਣੇ।

ਅਸੁਨਿ ਦਾ ਮਹੀਨਾ ਸਰਦੀ ਪ੍ਰਵੇਸ਼ ਦਾ ਸਮਾਂ ਹੈ।

*ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥*

*ਅੰਗ- ੯੨੮*

ਅਡੰਬਰ ਭਾਵ ਸ਼ੁਰੂਆਤੀ ਦੌਰ ਦੀ ਤਿਆਰੀ ਜਾਂ ਉਪਰਾਲਾ। ਅੱਸੂ-ਕਤਕ ਦਾ ਮਹੀਨਾ ਸਰਦੀ ਦੀ ਰੁੱਤ ਦਾ ਅਡੰਬਰ ਹੈ, ਭਾਵ ਤਿਆਰੀ ਹੈ। ਅਜੇ ਸੀਤਲਤਾ ਨੇ ਆਉਣਾ ਹੈ। ਸਰਦ ਰੁੱਤ ਦੀ ਤਿਆਰੀ ਹੈ। ਅੰਦਰੂਨੀ ਅਵਸਥਾ ਵਿਚ ਵੀ ਬਦਲਾਅ ਆਵੇਗਾ। ਇਸ ਤੋਂ ਪਹਿਲਾਂ ਗੁਰੂ ਪਿਆਰੇ ਨਾਲੋਂ ਵਿਛੜ ਕੇ ਜੀਵ ਤਪ ਰਿਹਾ ਸੀ। ਸੰਸਾਰਿਕ ਪਦਾਰਥਾਂ ਦੀ ਤਪਸ਼ ਇਸ ਨੂੰ ਸ਼ਾਂਤੀ ਦੇਣ ਤੋਂ ਅਸਮਰੱਥ ਸੀ। ਭਾਵ - ***'ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ' (ਅੰਗ-੬੬੧)*** ਜਦੋਂ ਪੂਰੇ ਗੁਰੂ ਦੀ ਬਖਸ਼ਿਸ਼ ਹੋਈ ਤਾਂ ਨਾਮ ਰੂਪੀ ਸੀਤਲਤਾ ਦੀ ਪ੍ਰਾਪਤੀ ਹੋਈ।

*ਤਪਤ ਕੜਾਹਾ ਬੁਝਿ ਗਇਆ*
*ਗੁਰਿ ਸੀਤਲ ਨਾਮੁ ਦੀਓ ॥ ੧ ॥ ਰਹਾਉ ॥*

*ਅੰਗ- ੧੦੦੨*

ਸੀਤਲਤਾ ਦਾ ਭਾਵ ਪ੍ਰਭੂ ਮਿਲਾਪ, ਪਰ ਪ੍ਰਭੂ ਮਿਲਾਪ ਵਾਸਤੇ ਵੀ ਤਿਆਰੀ ਦੀ ਲੋੜ ਹੈ -

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*

*ਅੰਗ- ੧੩੭੮*

ਉਸ ਤਿਆਰੀ ਦੇ ਵਾਤਾਵਰਣ ਦਾ ਨਾਮ ਹੀ ਅੱਸੂ ਭਾਵ ਅਡੰਬਰ ਹੈ।

ਧਰਤੀ ਦਾ ਸੂਰਜ ਦੇ ਨੇੜੇ ਹੋ ਜਾਣ ਜਾਂ ਦੂਰ ਹੋਣ ਨਾਲ ਰੁੱਤਾਂ 'ਚ ਗਰਮੀ-ਸਰਦੀ ਦਾ ਮੌਸਮ ਚਲਦਾ ਰਹਿਣਾ ਹੈ। ਇਹ ਇਕ ਕੁਦਰਤੀ ਨਿਯਮ ਹੈ -

*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥* *ਅੰਗ- ੪੬੪*

ਪਰ ਗੁਰੂ ਸਾਹਿਬ ਅੰਦਰਲੀ ਅਵਸਥਾ ਦੇ ਬਦਲਾਅ ਦੀ ਵਿਚਾਰ ਕਰਦੇ ਹਨ। ਹੁਣ ਅੰਦਰਲੀ ਅਵਸਥਾ ਵਿਚ ਕਿਵੇਂ ਬਦਲਾਅ ਆਵੇ; ਇਸ ਵਾਸਤੇ ਉਪਰਾਲੇ ਦੀ ਲੋੜ ਹੈ। ਉਹ ਉਪਰਾਲਾ ਇਸ ਤਰ੍ਹਾਂ ਕਰਨਾ ਹੈ -

*ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥*
*ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥* *ਅੰਗ- ੧੧੦੮*

ਦੁਇ ਭਾਵ ਵਿਚ ਭਾਵ ਭਰਮ ਦੇ ਰਸਤੇ ਵਿਚ ਆ ਕੇ ਜੀਵ ਆਤਮਾ ਗੁਆਚ ਗਈ। ਹੁਣ ਭਰਮਾਂ ਵਿਚ ਪਈ ਕਿਵੇਂ ਬਾਹਰ ਨਿਕਲੇ? ਇਸਦਾ ਬਾਹਰ ਨਿਕਲਣ ਦਾ ਸੁਖਾਲਾ ਤਰੀਕਾ ਹੈ 'ਪ੍ਰੇਮ'। ਪਹਿਲਾਂ ਹਿਰਦੇ ਵਿਚ ਪ੍ਰੇਮ, ਪ੍ਰੀਤ ਤੇ ਚਾਉ ਦੀ ਜ਼ਰੂਰਤ ਹੈ। ਅਸੁਨਿ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ -

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

ਜੇਕਰ ਜੀਵ ਦੇ ਅੰਦਰ ਉਸ ਦੇ ਪਿਆਰੇ ਦੇ ਮਿਲਾਪ ਦੀ ਖਿੱਚ ਬਣੀ ਤਾਂ ਸਮਝੋ ਕਿ ਅਸੁਨਿ ਦਾ ਵਾਤਾਵਰਣ ਸਿਰਜਿਆ ਗਿਆ ਹੈ। ਇਹ ਪ੍ਰਭੂ ਪ੍ਰੇਮ ਦੀ ਖਿੱਚ ਕਦੇ ਵੀ, ਕਿਸੇ ਸਮੇਂ ਵੀ ਜੀਵ ਦੇ ਅੰਦਰ ਪੈਦਾ ਹੋ ਜਾਏ ਉਸੇ ਵੇਲੇ 'ਅਸੁਨਿ' ਬਣ ਜਾਵੇਗਾ। ਭਾਵ ਪ੍ਰਭੂ ਦੇ ਮਿਲਾਪ ਦਾ ਉਪਰਾਲਾ ਸ਼ੁਰੂ ਹੋ ਜਾਵੇਗਾ।

ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ ॥

ਹੁਣ ਅੰਦਰ ਇਕ ਵੇਦਨਾ ਉਠੀ, ਕੋਈ ਮਿਲਾ ਦੇਵੇ ਮੇਰੇ ਪਿਆਰੇ ਨੂੰ -

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥* *ਅੰਗ- ੭੫੭*

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥*
*੧ ॥ ਰਹਾਉ ॥* *ਅੰਗ- ੭੦੧*

ਐਸੀ ਅਵਸਥਾ ਬਣ ਜਾਂਦੀ ਹੈ ਕਿ ਤਨ ਮਨ ਧਨ ਸਭ ਕੁਝ ਗੁਰੂ ਨੂੰ ਅਰਪਣ ਕਰ ਦਿਤਾ ਜਾਵੇ।

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਹੁਣ ਗੁਰੂ ਦੀ ਲੋੜ ਹੈ। ਗੁਰੂ ਦਾ ਪਿਆਰ ਹੀ ਇਸ ਨੂੰ ਪ੍ਰਭੂ ਮਿਲਾਪ ਦਾ ਆਤਮ ਮਾਰਗ ਦ੍ਰਿੜ੍ਹ ਕਰਵਾਏਗਾ। ਜਿਹੜੇ ਆਤਮ ਮਾਰਗ ਦੇ ਰਾਹੀ ਹਨ ਉਨ੍ਹਾਂ ਕੋਲ ਜਾਣਾ ਪੈਣਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ - ੫੨੦*

ਅਰਦਾਸ ਹੈ -

*ਸੇਈ ਪਿਆਰੇ ਮੇਲ*
*ਜਿਨਾਂ ਮਿਲਿਆ ਤੇਰਾ ਨਾਮ ਚਿਤ ਆਵੈ।*

ਭਾਵ-

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥

ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਜਾ ਕੇ, ਪ੍ਰੇਮ ਵਿਚ ਭਿੱਜ ਕੇ, ਰੂਹਾਨੀ ਮਾਰਗ ਦੇ ਧਾਰਨੀ ਬਣ ਸਕੀਦਾ ਹੈ। ਜਦੋਂ ਪ੍ਰੇਮ ਦੀ ਖਿੱਚ ਪੈਦਾ ਹੋ ਗਈ ਫਿਰ ਉਪਰਾਲੇ ਸ਼ੁਰੂ ਹੋਣਗੇ। ਹੀਲੇ ਵਸੀਲੇ ਲੱਭਣੇ ਪੈਣਗੇ। ਆਲਸ ਦਾ ਤਿਆਗ ਕਰ ਉਦਮ ਕਰਨਾ ਪਵੇਗਾ।

*ਪ੍ਰਭ ਮਿਲਬੇ ਕੀ ਲਾਲਸਾ*
*ਤਾ ਤੇ ਆਲਸੁ ਕਹਾ ਕਰਉ ਰੀ ॥ ੧ ॥ ਰਹਾਉ ॥*
*ਅੰਗ - ੩੮੯*

ਹੁਣ ਗੁਰੂ ਦਾ ਪੱਲਾ ਫੜ ਕੇ ਤੁਰਨਾ ਹੈ -

*ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ*
*ਕਿਉ ਚਾਲਹ ਗੁਰ ਚਾਲੀ ॥*
*ਸਤਗੁਰੁ ਦਇਆ ਕਰੇ ਸੁਖਦਾਤਾ*
*ਹਮ ਲਾਵੈ ਆਪਨ ਪਾਲੀ ॥* *ਅੰਗ- ੬੬੭*

ਗੁਰੂ ਉਪਦੇਸ਼ ਹੀ ਗੁਰੂ ਦਾ ਪੱਲਾ ਹੈ। ਗੁਰ ਉਪਦੇਸ਼ਾਂ ਦੀ ਕਮਾਈ ਹੀ ਸੁੱਖਾਂ ਦੀ ਪ੍ਰਾਪਤੀ ਹੈ। ਗੁਰੂ ਦੀ ਸ਼ਰਨ ਤੋਂ ਬਿਨਾਂ ਹੋਰ ਕਿਤੇ ਸੁਖ ਨਹੀਂ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ*
*ਦੁਖ ਬਿਨਸੇ ਸੁਖੁ ਪਾਇਆ ॥* *ਅੰਗ- ੬੧੫*

ਭਾਵ -

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੂਖੁ ਨਾਮੁ ਹਰਿ ਸੋਭਾ*
*ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥* *ਅੰਗ- ੭੧੩*

ਜੇ ਸਦੀਵੀ ਸੁਖ ਚਾਹੀਦੇ ਹਨ ਤਾਂ ਪ੍ਰਭੂ ਦੀ ਓਟ, ਗੁਰੂ ਦੀ ਸ਼ਰਨ ਲਵੋ।

*ਜਉ ਸੁਖ ਕਉ ਚਾਹੈ ਸਦਾ*

*ਸਰਨਿ ਰਾਮ ਕੀ ਲੇਹ ॥ ਅੰਗ- ੧੪੨੭*

ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥

ਫਿਰ ਸੱਚੇ ਪਾਤਸ਼ਾਹ ਤਪਸ਼ ਵਿਚ ਵੀ ਠੰਢ ਵਰਤਾ ਦਿੰਦੇ ਹਨ -

*ਤਪਤਿ ਮਾਹਿ ਠਾਢਿ ਵਰਤਾਈ ॥*
*ਅਨਦੁ ਭਇਆ ਦੁਖ ਨਾਠੇ ਭਾਈ ॥ ਅੰਗ- ੨੯੭*

ਉਹੀ ਜੇਠ-ਹਾੜ ਦਾ ਮਹੀਨਾ ਪੋਹ-ਮਾਘ ਦੀ ਰੁੱਤ ਵਾਂਗ ਬਣ ਜਾਂਦਾ ਹੈ। ਭਾਵ -

ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥

ਪ੍ਰੇਮ ਰਸ ਨੂੰ ਭੁੰਚਣ ਵਾਲਿਆਂ ਨੂੰ ਸਦਾ ਦਾ ਰਜੇਵਾਂ ਪ੍ਰਾਪਤ ਹੋ ਗਿਆ ਭਾਵ ਤ੍ਰਿਪਤੀ ਮਿਲ ਗਈ। ਤ੍ਰਿਸ਼ਨਾ ਰੂਪੀ ਭੁੱਖ ਖਤਮ ਹੋ ਗਈ। ਭਾਵ -

*ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ*
*ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥*
*ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ*
*ਜੋ ਹਰਿ ਨਾਮੁ ਧਿਆਵੈ ॥ ਅੰਗ- ੪੫੧*

ਤ੍ਰਿਸ਼ਨਾ ਦੀ ਤਪਸ਼ ਨੂੰ ਬੁਝਾਉਣ ਦੀ ਸਮਰੱਥਾ ਕੇਵਲ ਗੁਰੂ ਦਾ ਪ੍ਰੇਮ ਹੈ। ਜਿਥੇ ਗੁਰੂ ਪ੍ਰੇਮ ਹੈ ਉਥੇ ਤ੍ਰਿਸ਼ਨਾ ਦੀ ਅੱਗ ਖਤਮ ਹੈ। ਅੰਦਰ ਪ੍ਰੇਮ ਰਸ ਨੇ ਰੱਜ ਭਰ ਦਿਤਾ। ਦੁਨਿਆਵੀ ਲਾਲਸਾਵਾਂ ਖਤਮ ਹੋ ਗਈਆਂ। ਹੁਣ ਅਵਸਥਾ ਬਦਲ ਗਈ -

ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥

ਹੁਣ ਪ੍ਰਭੂ ਦੇ ਮਿਲਾਪ ਦੀ ਜੋਦੜੀ ਹੈ। ਆਪਣਾ ਆਪਾ ਤਿਆਗ ਕੇ ਜੀਵ ਬੇਨਤੀ ਕਰਦਾ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

ਹੁਣ ਸਦਾ ਦਾ ਮਿਲਾਪ ਪ੍ਰਾਪਤ ਹੋ ਗਿਆ -

ਜੋ ਹਰਿ ਕੰਤਿ ਮਿਲਾਈਆ
ਸਿ ਵਿਛੁੜਿ ਕਤਹਿ ਨ ਜਾਇ ॥

ਇਹ ਉਸ ਦਾ ਬਿਰਦ ਹੈ। ਉਹ ਆਪਣੇ ਬਿਰਦ ਬਾਣੇ ਦੀ ਲਾਜ ਰੱਖਦਾ ਹੈ। ਉਸਦਾ ਸੁਭਾਅ ਹੈ -

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ- ੨੪੯*

ਹੁਣ ਭਰਮਾਂ ਵਿਚੋਂ ਨਿਕਲ ਕੇ ਮਿਲਾਪ ਦੀ ਅਵਸਥਾ ਪ੍ਰਾਪਤ ਹੋ ਗਈ। ਉਸ ਨੂੰ ਛੱਡ ਕੇ ਹੋਰ ਕਿਤੇ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥

ਹੁਣ ਉਸ ਦੀ ਬਖਸ਼ਿਸ਼ ਤੋਂ ਬਗੈਰ ਕੋਈ ਮੰਗ ਨਹੀਂ ਰਹੀ।

ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥

ਉਹ ਜੀਵ ਸੁਖੀ ਹਨ ਜਿਨ੍ਹਾਂ ਨੂੰ ਪ੍ਰਮੇਸ਼ਰ ਦੀ ਨੇੜਤਾ ਪ੍ਰਾਪਤ ਹੈ। ਆਉ! ਜੀਵਨ ਨੂੰ 'ਭਾਦੁਇ ਦੀਆਂ ਭਰਮ ਭੁਲਾਈਆ' ਵਿਚੋਂ ਕੱਢ ਕੇ, ਗੁਰੂ ਦੇ ਬਖਸ਼ੇ ਉਪਦੇਸ਼ ਨੂੰ ਜੀਵਨ ਅੰਦਰ ਦ੍ਰਿੜ੍ਹ ਕਰਨ ਦਾ ਯਤਨ ਕਰੀਏ ਤਾਂ ਜੋ ਸਦਾ ਦਾ ਸੁਖੀ ਜੀਵਨ ਪ੍ਰਾਪਤ ਹੋ ਜਾਵੇ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

**(ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਖਸ਼ੇ ਹੁਕਮਨਾਮੇ ਦੀ ਰੋਸ਼ਨੀ ਵਿਚ, ਮਹਾਂਪੁਰਸ਼ਾਂ ਵਲੋਂ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-44)*

ਮਹਾਂਪੁਰਸ਼ ਫੁਰਮਾਇਆ ਕਰਦੇ ਸਨ ਕਿ ਦੇਖੋ ਪਿਆਰਿਓ! ਇਹ ਮਿਸਾਲ ਆਪਣੇ ਉਪਰ ਢੁਕਦੀ ਹੈ, ਉਸ ਪ੍ਰਭੂ ਨੇ ਆਪਣੀ ਖੇਲ੍ਹ ਰਚ ਕੇ ਮੂਲ ਪ੍ਰਕਿਰਤੀ ਉਤਪਤ ਕੀਤੀ, ਹਉਮੈ ਤੱਤ ਉਪਜਾਇਆ, ਪ੍ਰਕ੍ਰਿਤੀ ਵਿਚ ਆਪਣਾ ਪ੍ਰਕਾਸ਼ ਪ੍ਰਤੀਬਿੰਬਤ ਕੀਤਾ, ਉਥੇ ਹਉਮੈ ਦੇ ਨਸ਼ੇ ਕਾਰਨ, ਇਹ ਜੀਵ ਪ੍ਰਮੇਸ਼ਰ ਹੁੰਦਾ ਹੋਇਆ ਵੀ, ਆਪਣੇ ਆਪ ਨੂੰ ਜੀਵ ਤਾਂ ਇਸ ਨੇ ਕੀ ਸਮਝਣਾ ਸੀ ਸਗੋਂ ਇਸ ਤੋਂ ਵੀ ਹੇਠਾਂ ਉਤਰ ਕੇ ਇਹ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਮੰਨਦਾ ਹੈ। ਕਿਸੇ ਦਾ ਸਮਝਾਇਆ ਹੋਇਆ ਸਮਝਦਾ ਨਹੀਂ ਹੈ। ਚਾਹੇ ਪੜ੍ਹਿਆ ਹੋਇਆ ਹੈ ਚਾਹੇ ਅਨਪੜ੍ਹ ਹੈ, ਚਾਹੇ ਕਿੰਨਾ ਹੀ ਬੁੱਧੀਜੀਵੀ ਹੈ, ਚਾਹੇ ਕੋਈ ਗਿਆਨੀ ਹੈ ਜਾਂ ਪੰਡਤ ਹੈ ਜਾਂ ਮੌਲਵੀ, ਮੁੱਲਾਂ ਹੈ, ਚਾਹੇ ਪਾਦਰੀ ਹੈ, ਚਾਹੇ ਲਿਖਾਰੀ ਹੈ ਜਾਂ ਉਪਦੇਸ਼ਕ ਹੈ, ਕੀਰਤਨੀਆ ਹੈ ਜਾਂ ਕਥਾਕਾਰ ਹੈ, ਕਿੱਡਾ ਵੀ ਅਚਾਰੀਆ ਕਿਉਂ ਨਾ ਹੋਵੇ, ਜੇ ਉਸ ਨੂੰ ਆਪਣੇ ਆਪੇ ਦੀ ਸੋਝੀ ਨਹੀਂ ਪਈ ਤਾਂ ਉਹ ਕੁਝ ਵੀ ਨਹੀਂ ਹੈ। ਇਕ ਹਉਮੈ ਦੀ ਖੇਲ੍ਹ ਵਿਚ ਖੇਲਣ ਵਾਲਾ ਮੋਹਰਾ ਹੈ। ਅਸਾਡੇ ਸਾਰਿਆਂ ਦੇ ਨਾਲ ਇਹ ਨਸ਼ੇ ਵਾਲੀ ਗੱਲ ਵਰਤ ਰਹੀ ਹੈ। ਇਹ ਨਹੀਂ ਕਿ ਉਸ ਰਾਜੇ ਨੇ ਹੀ ਨਸ਼ਾ ਪੀਤਾ ਹੋਇਆ ਹੈ, ਕਿਸੇ ਨੇ ਪੁੱਤਰ ਦੇ ਰਸ ਨੂੰ, ਇਸਤ੍ਰੀ ਦੇ ਰਸ ਨੂੰ, ਮਾਇਆ ਦੇ ਰਸ ਨੂੰ, ਅਹੁਦਿਆਂ ਦੇ ਰਸ ਨੂੰ, ਵੱਡੀਆਂ ਜਾਇਦਾਦਾਂ ਦੇ ਰਸ ਨੂੰ ਪੀ ਕੇ ਆਪਣੇ ਆਪ ਨੂੰ ਬੇਹੋਸ਼ ਕਰ ਲਿਆ। ਮਾਇਆ ਦਾ ਨਸ਼ਾ ਤਾਂ ਪਹਿਲਾਂ ਹੀ ਬਹੁਤ ਸੀ ਇਸ ਨੇ ਉਪਰੋਂ ਹੋਰ ਨਸ਼ੇ ਦੇ ਟੀਕੇ ਲਵਾ ਲਏ। ਅਸੀਂ ਸਾਰੇ ਹੀ ਰਾਜੇ ਵਾਂਗੂੰ ਨਸ਼ੇ ਦੇ ਅਧੀਨ ਹਾਂ, ਨਸ਼ਾ ਮਾਇਆ ਦੇ ਸੰਗ ਕਰਕੇ ਹੋਇਆ ਹੈ, ਅਸੀਂ ਆਪਣੇ ਸਰੂਪ ਨੂੰ ਪੂਰੀ ਤਰ੍ਹਾਂ ਨਾਲ ਭੁੱਲੇ ਹੋਏ ਹਾਂ, ਇਸ ਨੂੰ ਉਦੋਂ ਤਕ ਸੋਝੀ ਨਹੀਂ ਆਉਂਦੀ ਜਦੋਂ ਤਕ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ ਮਰਨਾ ਕਬੂਲ ਨਹੀਂ ਕਰਦਾ ਕਿਉਂਕਿ ਇਸ ਦੀਆਂ ਮਨੌਤਾਂ ਐਨੀਆ ਮਜ਼ਬੂਤ ਹਨ ਕਿ ਸਟੀਲ ਦੇ ਬਜਰ ਕਪਾਟਾਂ ਨਾਲੋਂ ਵੀ ਮਜ਼ਬੂਤ ਹਨ, ਇਹ ਬਾਰੂਦ ਨਾਲ ਵੀ ਨਹੀਂ ਉਡਾਈਆਂ ਜਾ ਸਕਦੀਆਂ। ਪੂਰਨ ਗਿਆਨਵਾਨ ਮਹਾਂਪੁਰਸ਼ ਜੋ ਸੰਸਾਰ ਵਿਚ ਅਲੱਭ ਹਨ ਉਨ੍ਹਾਂ ਦੀ ਸੰਗਤ ਕਿਤੇ ਲੱਭ ਜਾਵੇ ਅਤੇ ਪੂਰਨ ਰੂਪ ਵਿਚ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਪ੍ਰਾਪਤ ਹੋ ਜਾਵੇ, ਅੰਦਰੋਂ ਮਨ ਪਿਘਲ ਜਾਵੇ, ਤੱਤ ਪ੍ਰਾਪਤੀ ਲਈ ਆਪਣੀਆਂ ਮਨੌਤਾ ਦੀ ਬਣੀ ਹੋਈ ਹੋਂਦ ਨੂੰ ਤਿਆਗਣ ਲਈ ਤਿਆਰ ਹੋ ਜਾਵੇ ਤਾਂ ਜਾ ਕੇ ਕਿਤੇ ਤੱਤ ਨੂੰ ਬੁਝ ਸਕਦਾ ਹੈ, ਜਾਣਦੇ ਤਾਂ ਗਿਆਨੀ ਵੀ ਹਨ ਪਰ ਜਾਨਣ ਦਾ ਕੀ ਲਾਭ? ਗੁਰੂ ਮਹਾਰਾਜ ਜੀ ਨੇ ਜਾਨਣ ਨੂੰ ਤਾਂ ਮੰਨਿਆ ਹੀ ਨਹੀਂ ਉਨ੍ਹਾਂ ਨੇ ਸਾਰਾ ਜ਼ੋਰ ਮੰਨਣ ਉਪਰ ਦਿਤਾ ਹੈ, ਗੱਲ ਨੂੰ ਬੁੱਝਣ ਵਿਚ ਦਿਤਾ ਹੈ। ਫੁਰਮਾਨ ਹੈ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥*
*ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥*
*ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥*
*ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥*
*ਖਾਲਕ ਕਉ ਆਦੇਸੁ ਢਾਢੀ ਗਾਵਣਾ ॥*
*ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥ ਅੰਗ- ੧੪੮*

ਅਤੇ ਇਸ ਤਰ੍ਹਾਂ ਨਾਲ ਫੁਰਮਾਨ ਕੀਤਾ ਹੈ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ- ੨੫੧*

ਅਸੀਂ ਤਾਂ ਪਸ਼ੂ ਢੋਰ ਹੀ ਹਾਂ। ਮੈਨੂੰ ਤੁਸੀਂ ਕਦੇ ਸੰਤ ਕਹਿੰਦੇ ਹੋ, ਕਦੇ ਮਹਾਂਪੁਰਸ਼ ਕਹਿੰਦੇ ਹੋ, ਪਰ ਮੈਂ ਕਿਵੇਂ ਮੰਨਾਂ? ਜੇ 'ਮੈਂ' ਹਾਂ ਤਾਂ ਕੁਝ ਵੀ ਨਹੀਂ। ਜੇ ਕੁਝ ਵੀ ਨਹੀਂ ਹੋ ਗਿਆ ਤਾਂ ਅਸਲ ਸਭ ਕੁਝ ਹੋ ਗਿਆ। ਗੱਲ ਸਮਝਣ ਦਾ ਜਤਨ ਕਰੋ।

ਸੋ ਪਿਆਰਿਓ! ਇਕੋ ਗੱਲ ਸਮਝਣ ਵਾਸਤੇ ਸਤਿਸੰਗ ਸਮਾਗਮ ਹੋਇਆ ਕਰਦੇ ਹਨ ਜਿਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ - ੨੭੮*

ਬੁੱਝੋ ਕਿ ਆਪਾਂ ਕੌਣ ਹਾਂ? ਮਹਾਰਾਜ ਕਹਿੰਦੇ ਹਨ ਕਿ ਇਹ ਅਕਥ ਕਥਾ ਹੈ -

*ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥*
*ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥*
*ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥*
*ਆਪੁ ਗਇਆ ਭ੍ਰਮੁ ਭਉ ਗਇਆ*
*ਜਨਮ ਮਰਨ ਦੁਖ ਜਾਹਿ॥*
*ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥*
*ਨਾਨਕ ਸੋਹੰ ਹੰਸਾ ਜਪੁ ਜਾਪਹੁ*
*ਤ੍ਰਿਭਵਣ ਤਿਸੈ ਸਮਾਹਿ ॥* *ਅੰਗ - ੧੦੯੩*

ਇਹ ਜੀਵ ਆਪਣੇ ਸਰੂਪ ਨੂੰ ਅਤੇ ਸਥਿਤੀ ਨੂੰ ਭੁੱਲ ਗਿਆ ਇਸ ਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ। ਚਾਰੇ ਵੇਦ, ਛੇਈ ਸਾਸ਼ਤ੍ਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਪਵਿੱਤਰ ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਅਨੇਕਾਂ ਹੀ ਮਹਾਤਮਾ, ਜਿਹੜੇ ਜਾਗੇ ਹੋਏ ਨੇ, ਇਸ ਨੂੰ ਜਗਾਉਣ ਦਾ ਯਤਨ ਕਰਦੇ ਹਨ ਪਰ ਮਹਾਂਪੁਰਸ਼ ਇਸ ਗੱਲ ਨੂੰ ਬਹੁਤ ਵਾਰੀ ਸੋਚਦੇ ਹਨ ਕਿ ਇਸ ਜੀਵ ਦੇ ਕਿੰਨੇ ਮੰਦੇ ਭਾਗ ਹਨ ਕਿ ਉਹ ਆਵਾਜ਼-ਏ-ਹੱਕ, ਤੱਤ ਬਚਨ ਸੁਣ ਕੇ ਵੀ ਨਹੀਂ ਜਾਗਦਾ? ਤੁਰਿਆ ਫਿਰਦਾ ਹੈ, ਕੰਮ ਕਰਦਾ ਹੈ, ਇਮਹਿਤਾਨ ਪਾਸ ਕਰਦਾ ਹੈ, ਵੱਡੇ-ਵੱਡੇ ਅਹੁਦੇ ਪ੍ਰਾਪਤ ਕਰਦਾ ਹੈ, ਵੱਡਾ ਸਿਆਣਾ ਹੈ, ਦੁਨੀਆਂ 'ਚ ਵੱਡੇ-ਵੱਡੇ ਕੰਮ ਕਰਦਾ ਹੈ ਪਰ ਇਸ ਨੂੰ ਕਿਉਂ ਨਹੀਂ ਜਾਗ ਆਉਂਦੀ? ਆਪਣੇ ਆਪ ਦੀ ਸੋਝੀ ਕਿਉਂ ਨਹੀਂ ਆਉਂਦੀ? ਫੇਰ ਉਸੇ ਚੱਕਰ ਵਿਚ ਚਲਿਆ ਜਾਂਦਾ, ਮੁੜ ਕੇ ਫੇਰ 83 ਲੱਖ, 99 ਹਜ਼ਾਰ, 999 ਪੌੜੀਆਂ ਚੜ੍ਹ ਕੇ ਯਾਨਿ ਕਿ ਐਨੇ ਸਰੀਰ ਭੋਗ ਕੇ ਫੇਰ ਮਨੁੱਖ ਬਣਦਾ ਹੈ ਫੇਰ ਗਿਰ ਜਾਂਦਾ ਹੈ, ਕੀ ਕਾਰਨ ਹੈ? ਇਸ ਗੱਲ ਉਪਰ ਗੰਭੀਰਤਾ ਨਾਲ ਵਿਚਾਰ ਕਰੋ। ਮਹਾਤਮਾ ਬੁੱਧ ਦਾ ਨਿਸ਼ਚਾ ਹੈ ਕਿ ਗੈਬ ਵਿਚ (ਅਦ੍ਰਿਸ਼ ਵਿਚ) ਇਕ ਅਜਿਹੀ ਸ਼ਕਤੀ ਕੰਮ ਕਰਦੀ ਹੈ ਜੋ ਬੰਦੇ ਦੀ ਸੁਰਤ ਆਪਣੇ ਚੌਗਿਰਦੇ ਵਿਚ ਹੀ ਉਲਝਾ ਕੇ ਰੱਖਦੀ ਹੈ, ਉਸ ਨੂੰ ਉਹ 'ਮਾਰ ਦੇਵਤਾ' ਆਖਦੇ ਹਨ। ਇਸੇ ਤਰ੍ਹਾਂ ਇਸਲਾਮ ਵਾਲਿਆਂ ਵਿਚ ਵੀ ਇਹ ਵਿਚਾਰ ਹੈ ਕਿ ਸ਼ੈਤਾਨ ਇਕ ਅਜਿਹਾ ਫਰਿਸ਼ਤਾ ਹੈ ਜੋ ਖੁਦਾ ਤੋਂ ਬਾਗੀ ਹੈ ਅਤੇ ਇਨਸਾਨ ਨੂੰ ਭੁਲਾਉਣਾ ਉਸ ਦਾ ਪ੍ਰਮੁੱਖ ਕਾਰਜ ਹੋਇਆ ਕਰਦਾ ਹੈ। ਬਹੁਤ ਸਾਰੇ ਮਹਾਂਪੁਰਸ਼ ਇਸ ਨੂੰ ਕਾਲ ਸ਼ਕਤੀ ਵੀ ਆਖਦੇ ਹਨ, ਕਈਆਂ ਨੇ ਇਸ ਨੂੰ ਮਾਇਆ ਆਖਿਆ ਹੈ, ਕੁਝ ਵੀ ਹੋਵੇ ਗੁਰੂ ਮਹਾਰਾਜ ਇਸ ਨੂੰ ਮਾਨਸਿਕ ਦਸ਼ਾ ਹੀ ਦਸਦੇ ਹਨ ਜੋ ਤਿੰਨਾਂ ਗੁਣਾਂ ਦੇ ਅਧੀਨ ਮਾਇਆ ਵੱਲ ਰੁਖ ਰੱਖ ਕੇ ਪ੍ਰਮਾਰਥ ਵਲੋਂ ਉਦਾਸ ਰਹਿੰਦੀ ਹੈ। ਮਾਇਆ ਦੇ ਰੂਪ ਰੰਗ, ਰਸ, ਕੁ-ਰਸ ਅਨੇਕਾਂ ਦ੍ਰਿਸ਼ ਇਸ ਨੂੰ ਆਪਣੇ ਵੱਲ ਨੂੰ ਧੂੰਹਦੇ ਹਨ ਅਤੇ ਇਸ ਨੂੰ ਇਕਾਗਰ ਹੋ ਕੇ ਕੇਂਦਰ ਵੱਲ ਰੁੱਖ ਨਹੀਂ ਕਰਨ ਦਿੰਦੇ। ਗੁਰੂ ਮਹਾਰਾਜ ਜੀ ਨੇ ਸਾਰੀ ਇਸ ਅਵਸਥਾ ਦਾ ਕਾਰਨ ਹਉਮੈ ਤੱਤ ਦਸਿਆ ਹੈ, ਉਸ ਦਾ ਸੁਭਾਵਿਕ ਕੰਮ ਹੀ ਇਹ ਹੈ ਕਿ ਉਹ ਜੀਵ ਨੂੰ ਪੱਕਾ ਭਰਮ ਪਾ ਕੇ ਰਖਦੀ ਹੈ ਅਤੇ ਉਸ ਨੂੰ ਇਕਾਈ ਵਿਚ ਮਹਿਸੂਸ ਕਰਾਉਂਦੀ ਹੈ, ਸਮਸ਼ਟ ਦੀ ਥਾਂ ਉਸ ਦੀ ਸੋਚ ਵਿਅਸ਼ਟ ਰੂਪ ਵਿਚ ਕੇਂਦਰਤ ਰਹਿੰਦੀ ਹੈ। ਹਉਮੈ ਮਾਇਆ ਦੀ ਗਾੜ੍ਹੀ ਨੀਂਦ ਵਿਚੋਂ ਜੀਵ ਨੂੰ ਤੱਤ ਅਵਸਥਾ ਵਿਚ ਜਾਗਣ ਨਹੀਂ ਦਿੰਦੀ ਕਿਉਂਕਿ ਕੁਦਰਤ ਵਲੋਂ ਮਹਾਂ ਅੰਧਕਾਰਮਈ ਇਕ ਛਲਾਵਾ ਹੈ ਜਿਸ ਦਾ ਕੰਮ ਹੀ ਪ੍ਰਮੇਸ਼ਰ ਨੂੰ ਤਿੰਨਾਂ ਰੂਪਾਂ ਵਿਚ ਦਿਖਾਉਣਾ ਹੋਇਆ ਕਰਦਾ ਹੈ। ਉਸੇ ਪਰਮ ਤੱਤ ਨੂੰ ਸੰਸਾਰ ਅਤੇ ਜੀਵ ਰੂਪ ਵਿਚ ਵੱਖਰੇ-ਵੱਖਰੇ ਰੂਪਾਂ ਵਿਚ ਨਜ਼ਰ ਆਉਂਦੀ ਹੈ ਜਦੋਂ ਹਉਮੈ ਦਾ ਨਾਸ਼ ਹੋ ਜਾਵੇ ਤਾਂ ਉਸ ਸਮੇਂ ਇਕ ਹੀ ਵਾਹਿਗੁਰੂ ਜੀ ਸਾਰੇ ਪਰੀਪੂਰਨ ਆਪ ਹੀ ਹੁੰਦਾ ਹੈ। ਹਉਮੈ ਦੀਆਂ ਸ਼ਕਤੀਆਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਭੁਲੇਖਾ ਪਾ ਕੇ ਰਖਦੀਆਂ ਹਨ। ਕਈ ਸਿਆਣੇ, ਹਉਮੈ ਨੂੰ ਅੰਗ੍ਰੇਜ਼ੀ ਦਾ ਅੱਖਰ ego ਬੋਲ ਕੇ ਦਸਦੇ ਹਨ। Ego ਵਿਅਕਤੀਗਤ ਅਭਿਮਾਨ ਨੂੰ ਕਹਿੰਦੇ ਹਨ। ਪਰ ਹਉਮੈ ਇਕ ਅਸੂਝ ਹੈ ਜੋ ਤੱਤ ਦੀ ਥਾਂ ਉਲਟਾ ਤਕਦੀ ਹੈ, ਇਹ ਰੋਗ ਖਾਸ ਕਰਕੇ ਮਨੁੱਖ ਨੂੰ ਲੱਗਿਆ ਹੋਇਆ ਹੈ। ਇਹ ਸਾਰਾ ਸੰਸਾਰ ਵਾਹਿਗੁਰੂ ਜੀ ਦੇ ਨਿਰੰਕਾਰ ਸਰੂਪ ਵਿਚੋਂ ਸਾਕਾਰ

ਹੋਇਆ ਹੈ ਜਿਸ ਤਰ੍ਹਾਂ ਆਉਂਦਾ ਹੈ -

*ਪਸਰਿਓ ਆਪ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥* ਅੰਗ - ੨੭੫

ਜਿਸ ਤਰ੍ਹਾਂ ਨਾਲ ਇਕ ਬੋਹੜ ਦਾ ਬੀਜ ਹੁੰਦਾ ਹੈ ਉਸ ਵਿਚੋਂ ਬਹੁਤ ਵੱਡੇ ਬੋਹੜ ਦਾ ਪਸਾਰਾ ਹੁੰਦਾ ਹੈ, ਬੋਹੜ ਇਕੋ ਹੀ ਹੈ। ਇਸੇ ਤਰ੍ਹਾਂ ਨਾਲ ਇਹ ਸੰਸਾਰ ਨਿਰੰਕਾਰ ਰੂਪ ਵਿਚੋਂ ਸਾਕਾਰ ਹੋ ਕੇ ਇਕੋ ਹੀ ਹੈ ਪਰ ਇਸ ਦੇ ਵਿਚ ਹਉਮੈ ਤੱਤ ਉਸ ਨੂੰ ਇਕ-ਇਕ, ਵੱਖਰਾ-ਵੱਖਰਾ ਕਰਕੇ ਵਿਖਾਉਂਦਾ ਹੈ ਚਾਹੇ ਇਹ ਆਪਣੇ ਆਪ ਨੂੰ ਸੂਖਸ਼ਮ ਜੀਵ ਸਮਝੇ ਜਾਂ ਸਰੀਰ ਸਮਝੇ। ਆਪਣੀ ਹੋਂਦ ਕਿਸੇ ਨਾ ਕਿਸੇ ਸ਼ਕਲ ਵਿਚ ਮਹਿਸੂਸ ਕਰੇ ਇਸ ਅਬੂਝ ਅਵਸਥਾ ਨੂੰ ਹਉਮੈ ਕਿਹਾ ਜਾਂਦਾ ਹੈ। ਇਹ ਇਥੋਂ ਤਕ ਕੰਮ ਕਰਦੀ ਹੈ ਕਿ ਇਸ ਚੇਤਨ ਜੀਵ ਨੂੰ ਪੰਜਾਂ ਤੱਤਾਂ ਦੇ ਰੂਪ ਰੰਗ ਵਾਲੇ ਸਰੀਰ ਵਿਚ ਬਦਲ ਕੇ ਸਰੀਰ ਨੂੰ ਹੀ 'ਮੈਂ' ਅਖਵਾਉਂਦੀ ਹੈ ਯਾਨਿ ਇਸ ਵਿਚ ਅਹੰਭਾਵ ਪੈਦਾ ਕਰ ਦਿੰਦੀ ਹੈ, ਵਖਰਾਪਣ ਪੈਦਾ ਹੋ ਜਾਂਦਾ ਹੈ। ਇਸ ਨੂੰ ਕਰਮ ਚਿੰਬੜ ਜਾਂਦੇ ਹਨ ਅਤੇ ਇਹ ਉਨ੍ਹਾਂ ਦਾ ਫਲ ਭੋਗਣ ਲਈ ਜਨਮਾਂ-ਜਨਮਾਂਤਰਾਂ ਦੇ ਚੱਕਰ ਖਾਂਦਾ ਰਹਿੰਦਾ ਹੈ। ਹਉਮੈ ਦੀ ਨੀਂਦ ਵਿਚ ਬੇਹੋਸ਼ ਹੋਇਆ-ਹੋਇਆ ਜੀਵ ਕਿਵੇਂ ਜਾਗੇ? ਕੇਵਲ ਗੁਰੂ ਇਸ ਨੂੰ ਜਗਾ ਸਕਦੇ ਹਨ ਕਿਉਂਕਿ ਗੁਰੂ ਦੇ ਕੋਲ ਨਾਮ ਰੂਪੀ ਰਤਨ ਹੋਇਆ ਕਰਦਾ ਹੈ। ਨਾਮ ਇਕ ਸੁਪਰ ਐਨਰਜੀ ਹੈ ਜਦੋਂ ਇਹ ਜੀਵ ਵਿਚ ਪ੍ਰਵੇਸ਼ ਕਰ ਜਾਵੇ ਉਸ ਵੇਲੇ ਇਸ ਦਾ ਪਹਿਲਾ ਕੰਮ, ਹਉਮੈ ਨੂੰ ਕੱਟਣਾ ਹੋਇਆ ਕਰਦਾ ਹੈ। ਹਉਮੈ ਦਾ ਗਾੜ੍ਹਾ ਹਨ੍ਹੇਰਾ ਦੂਰ ਕਰਨਾ, ਨਾਮ ਦੇ ਹਿੱਸੇ ਆਉਂਦਾ ਹੈ। ਇਹ ਨਾਮ ਦੀ ਪ੍ਰਾਪਤੀ ਸਮਰੱਥ ਗੁਰੂ ਬਿਨਾਂ ਨਹੀਂ ਹੋਇਆ ਕਰਦੀ। ਗੁਰੂ ਮਹਾਰਾਜ ਜੀ ਜੋ ਜੀਵਨ ਅਸੀਂ ਜਿਉਂ ਰਹੇ ਹਾਂ ਉਸ ਨੂੰ ਇਕ ਸੁਪਨੇ ਨਾਲ ਤਰਜੀਹ ਦਿੰਦੇ ਹਨ -

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥* ਅੰਗ- ੨੭੫

ਇਹ ਇਕ ਮਾਨਸਿਕ ਅਵਸਥਾ ਹੈ ਇਹ ਅਵਸਥਾ (ਅਗਿਆਨ) ignorance, illusion ਦੀ ਹੋਇਆ ਕਰਦੀ ਹੈ, ਸੁਪਨੇ ਦੀ ਆਪਣੀ ਸਥਿਤੀ ਉਨੀਂ ਦੇਰ ਤਕ ਹੀ ਕਾਇਮ ਰਹਿੰਦੀ ਹੈ ਜਦੋਂ ਤਕ ਉਹ ਸੁਪਨ ਮੰਡਲ ਵਿਚ ਕਲਪਨਾ ਕਰ ਰਿਹਾ ਹੈ। ਇਕ ਸੁਪਨਾ ਰਾਤ ਦਾ ਹੈ, ਇਕ ਸੁਪਨਾ ਸਾਰੀ ਉਮਰ ਦਾ ਹੈ, ਇਕ ਸੁਪਨਾ ਜਦੋਂ ਤਕ ਇਸ ਦੇ ਅੰਦਰ ਜੀਵ ਭਾਵ ਰਹਿੰਦਾ ਹੈ ਜਨਮ-ਦਰ-ਜਨਮ ਦੇ ਸਮੇਂ ਦਾ ਹੈ। ਸੁਪਨੇ ਵਿਚ ਚੀਜ਼ਾਂ ਦੇਖਦੇ ਹੋਂ, ਵੱਡੇ-ਵੱਡੇ ਪਹਾੜ, ਛੱਲਾਂ ਮਾਰਦੇ ਦਰਿਆ, ਡਰ ਪਾਉਣ ਵਾਲੇ ਜੰਗਲੀ ਜਾਨਵਰ ਅਤੇ ਕਈ ਵਾਰੀ ਦੁਸ਼ਮਣ ਦੇਖਦੇ ਹੋਂ, ਚੋਰ, ਡਾਕੂ ਦੇਖਦੇ ਹੋਂ, ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਵਾਲੇ ਦੇਖਦੇ ਹੋਂ, ਕਈ ਵਾਰੀ ਆਪਣੇ ਆਪ ਨੂੰ ਗਰੀਬ ਹੋਇਆ ਦੇਖਦੇ ਹੋਂ, ਕਦੇ ਇਕ-ਇਕ ਦਮੜੀ ਲੈ ਕੇ ਨਿਰਬਾਹ ਕਰਨ ਵਾਲਾ ਦੇਖਦੇ ਹੋਂ ਪਰ ਜਦੋਂ ਜਾਗ ਆਈ, ਹੈਰਾਨ ਹੋ ਜਾਈਦਾ ਹੈ ਕਿ ਇਹ ਕੀ ਸੀ, ਕਿਉਂ ਹੋਇਆ? ਫੇਰ ਅਰਦਾਸ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ! ਇਹ ਜੋ ਦ੍ਰਿਸ਼ ਦੇਖਿਆ, ਇਹ ਬਹੁਤ ਹੀ ਅਸਹਿ ਸੀ, ਸ਼ੁਕਰ ਹੈ ਕਿ ਇਹ ਸੱਚ ਨਹੀਂ ਸੀ। ਤੇਰੀ ਬੜੀ ਕ੍ਰਿਪਾ ਹੋਈ ਕਿ ਮੈਂ ਜਾਗ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥* ਅੰਗ - ੬੫੭

ਰਾਜੇ ਨੂੰ ਸਿੰਘਾਸ਼ਨ ਉਤੇ ਬੈਠੇ ਨੂੰ ਨੀਂਦ ਆ ਜਾਂਦੀ ਹੈ, ਸੁਪਨੇ ਵਿਚ ਆਪਣੇ ਆਪ ਦਾ ਨਿਰਾਦਰ ਹੁੰਦਾ ਦੇਖਦਾ ਹੈ, ਦੀਨ ਤੇ ਭੁੱਖਾ ਤਿਹਾਇਆ ਮਰ ਰਿਹਾ ਹੈ ਪਰ ਜਦੋਂ ਉਸ ਨੂੰ ਜਾਗ ਆਈ ਤਾਂ ਹੈਰਾਨ ਹੋ ਗਿਆ ਕਿ ਮੈਂ ਤਾਂ ਤਖ਼ਤ ਉਪਰ ਹੀ ਬੈਠਾ ਹਾਂ। ਇਹੀ ਹਾਲ ਸਾਡਾ ਹੈ -

*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* ਅੰਗ- ੬੫੭

ਅਸੀਂ ਆਤਮ ਸਹਿਜ਼ਾਦੇ ਹਾਂ ਪਰ ਆਪਣੇ ਆਪ ਨੂੰ ਸਾਹਸਹੀਣੇ ਜੀਵ ਦੇ ਰੂਪ ਵਿਚ ਤੱਕ ਰਹੇ ਹਾਂ, ਜਿਸ ਨੂੰ ਤੁਸੀਂ ਜਾਗ੍ਰਤ ਆਖਦੇ ਹੋਂ, ਦਫਤਰਾਂ ਨੂੰ ਜਾਂਦੇ ਹੋਂ, ਬਾਲ ਬੱਚਿਆਂ ਨੂੰ ਪੜ੍ਹਾਉਂਦੇ ਹੋ, ਜ਼ਮੀਨ-ਜਾਇਦਾਦ ਖਰੀਦਦੇ ਹੋਂ ਇਹ ਵੀ ਇਕ ਸੁਪਨਾ ਹੈ, ਮਾਨਸਿਕ ਹਾਲਤ ਹੈ। ਜੋ ਅਸਾਨੂੰ ਸੱਚੀ ਲਗ ਰਹੀ ਹੈ ਇਸ ਉਤੇ ਮੈਂ ਆਪਣੀ ਇਕ ਹੱਡ ਬੀਤੀ ਦਸਦਾ ਹਾਂ।

ਇਕ ਵਾਰੀ ਮੈਂ ਮਹਿਮਾਨਦਾਰੀ ਵਿਚ ਆਪਣੀ ਕਾਰ ਤੇ ਚਲਿਆ ਗਿਆ। ਪਿੰਡ ਦੇ ਨੇੜੇ ਹੀ ਇਕ ਮੇਰੇ ਬਚਪਨ ਦੇ ਮਿਲਣ ਵਾਲਾ ਰਹਿੰਦਾ ਸੀ, ਜਿਸ ਦਾ ਨਾਮ 'ਵਤਨਾ' ਸੀ, ਉਹ ਤਾਂਗਾ ਚਲਾਇਆ ਕਰਦਾ ਸੀ। ਗੁਰਾਇਆਂ ਦੇ ਸਟੇਸ਼ਨ ਤੇ ਪਹੁੰਚ ਕੇ ਸਵਾਰੀਆਂ ਪਿੰਡ ਲੈ ਕੇ ਜਾਇਆ ਕਰਦਾ ਸੀ। ਮੇਰੇ ਤੇ ਉਹ ਖਾਸ ਹੀ ਮਿਹਰਬਾਨ ਸੀ, ਮੈਨੂੰ ਸਟੇਸ਼ਨ ਤੋਂ ਉਤਰਦੇ ਹੀ ਉਸ ਨੇ ਪਛਾਣ ਲੈਣਾ ਅਤੇ ਅੰਦਰ ਵੜ ਕੇ

ਸਮਾਨ ਚੁੱਕ ਕੇ ਤਾਂਗੇ ਵਿਚ ਰੱਖ ਲੈਣਾ। ਕਿਰਾਇਆ ਮੇਰੇ ਤੋਂ ਉਹ ਲੈਂਦਾ ਹੀ ਨਹੀਂ ਸੀ, ਮੇਰੇ ਮਨ ਵਿਚ ਉਸ ਲਈ ਸਤਿਕਾਰ ਸੀ, ਮੈਂ ਕਿਹਾ ਉਸ ਨੂੰ ਜ਼ਰੂਰ ਮਿਲ ਕੇ ਚੱਲੀਏ। ਭਾਵੇਂ ਇਸ ਸਮੇਂ ਬਹੁਤ ਜਾਇਦਾਦ ਯੂ.ਪੀ ਵਿਚ ਹੋ ਚੁੱਕੀ ਸੀ, ਕਾਰਾਂ ਵੀ ਹੋ ਗਈਆਂ ਸਨ, ਮਨ ਵਿਚ ਆਇਆ ਕਿ ਚਲੋ ਉਸ ਗਰੀਬ ਦੀ ਜੀਓ ਖੋਲ੍ਹ ਕੇ ਕੇ ਮਦਦ ਕਰੀਏ। ਜਦੋਂ ਘਰ ਮੂਹਰੇ ਗਏ ਤਾਂ ਦਰਵਾਜ਼ਾ ਬੰਦ ਸੀ, ਬਾਹਰੋਂ ਤਾਲਾ ਲੱਗਿਆ ਹੋਇਆ ਸੀ। ਅੰਦਰੋਂ ਖਿੜਕੀ ਰਾਹੀਂ ਉਸ ਨੇ ਦੇਖ ਕੇ ਮੈਨੂੰ ਪਛਾਣ ਲਿਆ ਅਤੇ ਆਵਾਜ਼ ਮਾਰੀ ਕਿ ਆਜਾ, ਆਜਾ। ਮੈਂ ਖਿੜਕੀ ਕੋਲ ਖੜ੍ਹਾ ਹੋ ਗਿਆ, ਉਸ ਦੇ ਸੰਗਲ ਲੱਗਿਆ ਹੋਇਆ ਸੀ। ਮੈਨੂੰ ਕਹਿਣ ਲੱਗਿਆ ਕਿ ਤੈਨੂੰ ਤਾਂ ਪਤਾ ਹੀ ਹੈ, ਮੈਂ ਇਸ ਦੇਸ਼ ਦਾ ਰਾਜਾ ਸ਼ੀ, ਮੇਰਾ ਰਾਜ ਖੋਹ ਲਿਆ, ਮੇਰੀ ਰਾਣੀ ਨੂੰ ਕੈਦ ਕਰ ਲਿਆ, ਮੇਰੇ ਕਿਲੇ ਤੇ ਵੀ ਕਬਜ਼ਾ ਕਰ ਲਿਆ, ਹੁਣ ਮੇਰੇ ਕੋਲ ਬੱਸ ਸੋਫਾ ਹੈ ਉਸ ਉਪਰ ਬੈਠ ਜਾ, ਦਰਵਾਜ਼ਾ ਖੋਲ ਲੈ। ਆਪੇ ਹੀ ਕਹਿਣ ਲੱਗਿਆ ਕਿ ਦਰਵਾਜ਼ਾ ਕੀ ਖੋਲਣਾ ਹੈ ਇਹ ਤਾਂ ਮੈਨੂੰ ਕੈਦ ਕਰਕੇ ਤਾਲਾ ਲਾ ਕੇ ਬੰਦ ਕੀਤਾ ਹੋਇਆ ਹੈ। ਅਜੇ ਮੈਂ ਗੱਲਬਾਤ ਕਰ ਹੀ ਰਿਹਾ ਸੀ ਮੈਨੂੰ ਬਾਹਰੋਂ ਆਵਾਜ਼ ਆਈ ਕਿ ਹੋਰ ਨੇੜੇ ਨਾ ਜਾਈਂ 'ਵਤਨੇ' ਦਾ ਦਿਮਾਗ ਹਿੱਲ ਗਿਆ ਹੈ। ਸਾਮ੍ਹਣੇ ਕੀ ਦੇਖਦੇ ਹਾਂ ਪਿੰਡ ਦਾ ਉਚਾ ਥੇਹ ਸੀ ਕੋਈ ਕਿਸਾਨ ਉਸ ਥੇਹ ਦੇ ਵਿਚੋਂ ਸ਼ੇਰੇ ਵਰਗੀ ਹੋਈ-ਹੋਈ ਮਿੱਟੀ ਚੁੱਕ ਕੇ ਆਪਣੇ ਖੇਤ ਲਈ ਗੱਡਾ ਭਰ ਰਿਹਾ ਸੀ। ਉਸ ਨੇ ਮੈਨੂੰ ਤਾਂ ਛੱਡ ਦਿਤਾ ਅਤੇ ਉਸ ਗੱਡੇ ਵਾਲੇ ਨੂੰ ਬਹੁਤ ਹੀ ਭੈੜੀਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ। ਇਕੋ ਗੱਲ ਕਹੀ ਜਾਂਦਾ ਸੀ ਕਿ ਤੁਸੀਂ ਮੇਰੇ ਕਿਲੇ ਦੀਆ ਕੰਧਾਂ ਤੋੜ ਰਹੇ ਹੋ, ਇਸ ਵਿਚ ਮੇਰਾ ਖਜ਼ਾਨਾ ਹੈ ਉਸਨੂੰ ਕੱਢਣ ਦਾ ਜਤਨ ਕਰ ਰਹੇ ਹੋ। ਐਸੀਆਂ ਗੱਲਾਂ ਸੁਣ ਕੇ ਮੇਰੇ ਮਨ ਵਿਚ ਖਿਆਲ ਆਇਆ ਕਿ ਦੁਨੀਆਂ ਵਿਚ ਅਸਾਡਾ ਸਬੰਧ ਕੇਵਲ ਜਦੋਂ ਤਕ ਦਿਮਾਗ ਠੀਕ ਹੈ ਉਦੋਂ ਤਕ ਹੀ ਹੈ। ਪਾਗਲ ਹੋਣਾ ਇਕ ਦਿਮਾਗੀ ਅਵਸਥਾ ਹੈ ਜੋ ਵਿਕਾਰ ਪੈਦਾ ਹੋ ਜਾਣ ਕਰਕੇ ਹੋ ਜਾਇਆ ਕਰਦੀ ਹੈ ਪਰ ਸਤਿਪੁਰਸ਼ ਜੋ ਬਹੁਤ ਉੱਚੀ ਅਵਸਥਾ ਵਿਚ ਰਹਿੰਦੇ ਹਨ ਜਿਸ ਨੂੰ ਤੁਰੀਆ ਅਵਸਥਾ ਉਹ ਇਸ brain ਦਾ ਦੂਜਾ ਪਾਸਾ ਹੈ, ਪਰਤਵਾਂ ਪਾਸਾ ਹੈ ਜਿਥੇ ਜਾ ਕੇ ਇਹ ਸੰਸਾਰ ਵਾਹਿਗੁਰੂ ਦਾ ਰੂਪ ਦ੍ਰਿਸ਼ਟੀ ਆਉਂਦਾ ਹੈ ਜਿਸ ਨੂੰ ਸਾਰੇ ਮਹਾਂਪੁਰਸ਼ ਤੱਤ ਅਵਸਥਾ ਕਹਿ ਕੇ ਸੰਬੋਧਨ ਕਰਦੇ ਹਨ। ਦਿਮਾਗ ਦੀਆਂ ਕਈ ਅਵਸਥਾਵਾਂ ਹਨ - ਇਕ ਨੂੰ ਅਸੀਂ ਜਾਗ੍ਰਤ ਕਹਿੰਦੇ ਹਾਂ ਜਦੋਂ ਇਹ ਮੰਜੇ ਤੇ ਪੈ ਕੇ ਸੁਪਨਮਈ ਮੰਡਲ ਵਿਚ ਪ੍ਰਵੇਸ਼ ਕਰਦੀ ਹੈ ਤਾਂ ਇਸ ਨੂੰ ਸੁਪਨ ਅਵਸਥਾ ਕਹਿੰਦੇ ਹਨ। ਜਦੋਂ ਪੂਰੀ ਤਰ੍ਹਾਂ ਨਾਲ ਬੇਹੋਸ਼ ਹੋ ਕੇ ਘੂਕ ਨੀਂਦ ਵਿਚ ਸੌਂ ਜਾਂਦੀ ਹੈ ਉਸ ਨੂੰ ਸਖੋਪਤ ਆਖਦੇ ਹਨ ਪਰ ਘੂਕ ਨੀਂਦ ਨੂੰ ਦੇਖਣ ਵਾਲਾ ਕੋਈ ਅਜਿਹਾ, ਇਸ ਸਰੀਰ ਵਿਚ ਹੀ ਤੱਤ ਹੈ ਜੋ ਘੂਕ ਨੀਂਦ ਦਾ ਸਾਖੀ ਹੁੰਦਾ ਹੈ ਕਿਉਂਕਿ ਦੇਖਣਵਾਲਾ ਹੁੰਦਾ ਹੈ। ਉਹ ਦਸਦਾ ਹੈ ਕਿ ਅੱਜ ਮੈਨੂੰ ਕੋਈ ਸੁਪਨਾ ਨਹੀਂ ਆਇਆ ਮੈਂ ਬਹੁਤ ਆਰਾਮ ਨਾਲ ਸੁੱਤਾ ਹਾਂ ਉਹ 'ਸਾਖੀ' ਅਵਸਥਾ ਹੋਇਆ ਕਰਦੀ ਹੈ। ਜੋ ਇਸ ਸਰੀਰ ਵਿਚ ਜਾਗ੍ਰਤ, ਸੁਪਨ, ਸਖੋਪਤ ਤੋਂ ਉਚੀ ਅਵਸਥਾ ਹੈ ਜਿਸ ਨੂੰ ਤੁਰੀਆ ਅਵਸਥਾ ਆਖਦੇ ਹਨ ਉਹ ਮਾਇਆ ਤੋਂ ਪੂਰਨ ਰੂਪ ਵਿਚ ਨਿਰਲੇਪ ਅਵਸਥਾ ਹੈ, ਸੋ ਹੁਣ ਗੱਲ ਸਮਝ ਵਿਚ ਆ ਗਈ ਹੋਵੇਗੀ। ਪਰ ਸਾਧਸੰਗਤ ਜੀ! ਇਹ ਜੋ ਮੈਂ ਬੇਨਤੀ ਕਰਦਾ ਹਾਂ ਇਹ ਬਚਨ ਜੀਵ ਦੀ ਸਤਿ ਅਵਸਥਾ ਨੂੰ ਲਖਾਉਣ ਵਾਲੇ ਹਨ ਜਿਥੇ ਜੀਵ ਭਾਵ ਰਿਹਾ ਹੀ ਨਹੀਂ ਕਰਦਾ। ਇਕ ਆਮ ਬੁੱਧੀ ਹੈ ਜਿਸ ਨਾਲ ਦੁਨੀਆ ਦਾ ਕਾਰਜ ਚਲਦਾ ਹੈ, ਇਹਦੇ ਵਿਚ ਇਕ ਅੰਸ਼ ਕੁਬੁੱਧੀ ਦਾ ਹੈ, ਇਕ ਸੁਬੁੱਧੀ ਦਾ ਹੈ। ਇਹ ਸਾਰੀਆਂ ਸੰਸਾਰਕ ਕ੍ਰਿਆ ਨੂੰ ਸਿੱਧ ਕਰਨ ਵਾਲੀਆਂ ਸੋਝੀਆਂ ਹਨ। ਇਥੇ ਸਾਰਿਆਂ ਤੋਂ ਉਪਰ ਇਕ ਹੋਰ ਸੁਧ ਹੈ ਜਿਸ ਨੂੰ ਸਿੱਧ ਵੀ ਤੇ ਸੁਧ ਵੀ ਆਖਿਆ ਜਾਂਦਾ ਹੈ ਜਿਸ ਬਾਰੇ ਇਸ਼ਾਰਾ ਹੈ -

*ਜਬ ਬੁਧਿ ਹੋਤੀ ਤਬ ਬਲੁ ਕੈਸਾ*
*ਅਬ ਬੁਧਿ ਬਲੁ ਨ ਖਟਾਈ ॥*
*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ- ੩੩੯*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ - ੮*

ਇਸ ਨੂੰ ਮਹਾਂਪੁਰਸ਼ ਆਤਮ ਵਿਸ਼ਾਇਣੀ ਬੁੱਧੀ ਆਖਦੇ ਹਨ, ਆਤਮਿਕ ਬਚਨਾਂ ਨੂੰ ਅਸੀਂ ਬੁੱਧੀ ਨਾਲ ਬੁੱਝ ਨਹੀਂ ਸਕਦੇ ਕਿਉਂਕਿ ਇਨਸਾਨੀ ਬੁੱਧ ਹਉਮੈ ਦੇ ਕਰੜੇ ਚੱਕਰ ਵਿਚੋਂ ਬਾਹਰ ਉਡਾਰੀ ਨਹੀਂ ਮਾਰ ਸਕਦੀ। ਭਾਈ ਡਾ. ਵੀਰ ਸਿੰਘ ਜੀ ਨੇ ਉਸ ਅਵਸਥਾ ਦਾ ਸੰਕੇਤ ਦਿਤਾ ਹੈ -

*ਜਿਨ੍ਹਾਂ ਉਚਿਆਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਈਆ।*
*ਪਿਆਲੇ ਅਣਡਿੱਠੇ ਨਾਲ, ਬੁੱਲ ਲੱਗ ਜਾਣ ਓਥੇ,*

*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਿਆਰੀਆਂ।*
*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*"ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।"*
*ਡਾ. ਭਾਈ ਵੀਰ ਸਿੰਘ ਜੀ*

ਉਹ ਵਲਵਲੇ ਦਾ ਜੋ ਦੇਸ਼ ਨਿਰੂਪਣ ਕੀਤਾ ਹੈ ਉਹ ਆਤਮ ਵਿਸ਼ਾਇਣੀ ਬੁੱਧੀ ਹੈ, ਅੱਖਰਾਂ ਦੀ ਅਦਲ ਬਦਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋ ਸਿਧਾਂਤਕ ਤੱਤ ਬਚਨ ਹਨ ਉਹ ਜੀਵ ਦੀ ਸਮਝ ਤੋਂ ਪਰ੍ਹੇ ਹਨ। ਜੀਵ ਬੁੱਧੀ ਮੰਡਲ ਵਿਚ ਉਸ ਨੂੰ ਸਮਝਣ ਦਾ ਜਤਨ ਕਰਦਾ ਹੈ ਪਰ ਉਹ ਤੱਤ ਬਚਨ ਆਤਮ ਵਿਸ਼ਾਇਣੀ ਬੁੱਧ ਵਿਚ ਸਮਝ ਆਉਂਦੇ ਹਨ। ਸੋ ਇਸ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਦੀ ਬਹੁਤ ਹੀ ਆਵਸ਼ਕਤਾ ਹੈ ਕਿਉਂਕਿ ਉਹ ਬਹੁਤ ਹੀ ਸਹਿਲ ਤਰੀਕੇ ਨਾਲ ਇਹ ਗੱਲ ਨੂੰ ਜ਼ਹਿਨਸ਼ੀਨ (ਸਮਝਾਅ) ਕਰਾ ਦਿੰਦਾ ਹੈ।

ਅੱਜ ਦੇ ਹੁਕਮਨਾਮੇ ਵਿਚ ਗੁਰੂ ਮਹਾਰਾਜ ਜੀ ਨੇ ਸੂਝ ਦਿੰਦਿਆਂ ਦਸਿਆ ਹੈ ਕਿ ਜਿਥੇ ਪ੍ਰਮੇਸ਼ਰ ਨਾਲ ਮਿਲਣ ਵਾਸਤੇ ਤਿਆਰੀਆਂ ਹੋ ਰਹੀਆਂ ਹਨ, ਸਾਧੂ ਸੰਤ ਜਨ ਮੁਬਾਰਕਾਂ ਦੇਣ ਵਾਸਤੇ ਆ ਗਏ – ਜਾਂਞੀ ਬਣ ਕੇ, ਰਿਸ਼ਤਾ ਕਾਇਮ ਹੋ ਗਿਆ ਤੇ ਵਿਆਹ ਹੋ ਕੇ ਇਕ ਜੋਤ ਬਣਨ ਦਾ ਮੌਕਾ ਪ੍ਰਾਪਤ ਹੋ ਗਿਆ। ਉਸ ਦੀ ਮਹਾਰਾਜ ਜੀ ਨੇ ਜੁਗਤ ਦੱਸੀ ਹੋਈ ਹੈ ਇਸ ਸ਼ਬਦ ਦੇ ਅੰਦਰ ਕਦੇ ਵਿਹਲ ਮਿਲੇ ਵਿਚਾਰ ਕੇ ਪੜ੍ਹਿਓ ਕਿਉਂਕਿ ਲੰਮਾ ਸ਼ਬਦ ਹੈ। ਇਸ ਦੇ ਵਿਚ ਉਸ ਅਵਸਥਾ ਦਾ ਵਰਣਨ ਕੀਤਾ ਹੋਇਆ ਹੈ ਜਿਥੇ ਮਿਲਾਪ ਦੇ ਬਿਲਕੁਲ ਨੇੜੇ ਹੁੰਦਾ ਹੈ ਅਤੇ ਗੁਰੂ ਦੇ ਨਾਲ ਇਸ ਦਾ ਸੰਪਰਕ ਹੋ ਗਿਆ ਹੁੰਦਾ ਹੈ। ਕਿਉਂਕਿ ਸਾਨੂੰ ਨਹੀਂ ਪਤਾ, ਗੁਰੂ ਕੀ ਹੁੰਦਾ ਹੈ? ਉਸ ਦੇ ਨਾਲ ਸੰਪਰਕ ਕਿਵੇਂ ਹੁੰਦਾ ਹੈ? ਕਿਸ ਤਰ੍ਹਾਂ ਦੇ ਨਾਲ ਉਹ ਸਾਡੇ ਅੰਦਰ ਕੰਮ ਕਰਦਾ ਹੈ? ਕਿਵੇਂ ਉਹ ਸਾਡਾ ਮਾਰਗ ਦਰਸ਼ਨ ਕਰਦਾ ਹੈ? ਬਾਹਰ ਦੀ ਦੁਨੀਆਂ ਵਿਚ ਰਹਿਣ ਕਰਕੇ ਅੰਦਰ ਦੀ ਦੁਨੀਆਂ ਦਾ ਸਾਨੂੰ ਭੇਤ ਨਹੀਂ ਹੈ।

ਉਥੇ ਸਾਧੂ ਜਨ ਇਕੱਠੇ ਹੋ ਗਏ ਤੇ ਉਸ ਵੇਲੇ ਸਾਰੀ ਤਿਆਰੀ ਹੋ ਗਈ। ਉਹ ਹੋਈ ਕਿਵੇਂ ਕਿ ਇਕ ਮਨ ਤੇ ਇਕ ਚਿੱਤ ਹੋ ਕੇ ਉਸ ਰਸਤੇ 'ਤੇ ਚਲ ਪਏ। ਇਕ ਮਨ ਤੇ ਇਕ ਚਿੱਤ ਹੋਣਾ ਬਹੁਤ ਵੱਡੀ ਗੱਲ ਹੈ। ਇਹ ਹੋ ਨਹੀਂ ਸਕਦਾ ਕਿਉਂਕਿ ਬੰਦੇ ਦੇ ਅੰਦਰ ਬੇਅੰਤ ਸੰਸਕਾਰ ਹਨ ਜਿਨ੍ਹਾਂ ਨੂੰ ਪਾਰ ਕਰਨਾ ਪੈਂਦਾ ਹੈ ਤੇ ਉਸ ਸ਼ਬਦ ਦੀ ਟੇਕ ਲੈਣੀ ਪੈਂਦੀ ਹੈ, ਫੇਰ ਗੁਰੂ ਦੀ ਸ਼ਰਨ ਲਿਆਂ, ਗੁਰੂ ਇਸ ਦੇ ਅੰਦਰ ਬੋਲਦਾ ਹੈ, ਉਹ ਅਵਸਥਾ ਹੈ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ ਅੰਗ – ੩੯੪*

ਸਰੀਰ ਧਾਰੀ ਗੁਰੂ ਤਾਂ ਹਰ ਬੰਦੇ ਨਾਲ ਹਰ ਸਮੇਂ ਰਹਿ ਨਹੀਂ ਸਕਦਾ ਫੇਰ ਹਰ ਸਮੇਂ ਬੰਦੇ ਦੇ ਨਾਲ ਰਹਿਣ ਵਾਲਾ ਗੁਰੂ ਕੀ ਹੈ? ਅਸੀਂ ਫੇਰ ਘਬਰਾਅ ਜਾਂਦੇ ਹਾਂ। ਗੁਰੂ ਨੇ ਕਿਹਾ ਪਿਆਰਿਓ! ਘਬਰਾਓ ਨਾ, ਸੁਣੋ ਧਿਆਨ ਦੇ ਨਾਲ ਤੁਹਾਡਾ –

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅੰਗ – ੯੪੩*

ਹੁਣ ਸ਼ਬਦ ਦਾ ਨਹੀਂ ਪਤਾ ਲਗਦਾ ਕਿ ਸ਼ਬਦ ਕੀ ਹੋਇਆ? ਕੀ ਅੱਖਰਾਂ ਨੂੰ ਅਸੀਂ ਸ਼ਬਦ ਕਹਿੰਦੇ ਹਾਂ ਜਾਂ ਸ਼ਬਦ ਕੋਈ ਹੋਰ ਹੁੰਦਾ ਹੈ? ਸ਼ਬਦ ਦੀ ਸਥਿਤੀ ਕੀ ਹੈ? ਇਸ ਨੂੰ ਸਮਝਣ ਵਾਸਤੇ ਸਾਨੂੰ ਥੋੜ੍ਹਾ ਪਤਾ ਕਰਨਾ ਪੈਂਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਸਾਰਾ ਸੰਸਾਰ ਸ਼ਬਦ ਦਾ ਹੀ manifestation (ਪ੍ਰਗਟ ਰੂਪ) ਹੈ, ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ॥*
*ਏਕੰਕਾਰਹੁੰ ਸ਼ਬਦ ਧੁਨ ਓਅੰਕਾਰ ਅਕਾਰ ਬਨਾਯਾ॥*
*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਜੀ, ਜੋ ਨਿਰੰਕਾਰ ਤੋਂ ਸਾਕਾਰ ਰੂਪ ਧਾਰ ਕੇ ਸੰਸਾਰ ਦੇ ਕਰਤਾ ਹਨ ਅਤੇ ਹਰ ਘਟ ਵਿਚ ਸਮਾਏ ਹੋਏ ਪੁਰਖ ਹਨ, ਨਿਰਭਉ ਹਨ, ਕੋਈ ਉਸ ਨੂੰ ਡਰ ਨਹੀਂ ਹੈ, ਖਤਰਾ ਨਹੀਂ ਹੈ, ਕਿਸੇ ਨਾਲ ਉਸ ਦਾ ਵੈਰ ਨਹੀਂ ਹੈ, ਕਾਲ ਉਨ੍ਹਾਂ ਦਾ ਪੈਦਾ ਕੀਤਾ ਹੋਇਆ ਹੋਣ ਕਰਕੇ ਉਨ੍ਹਾਂ ਤੱਕ ਪਹੁੰਚ ਹੀ ਨਹੀਂ ਸਕਦਾ ਉਹ ਅਕਾਲ ਹਨ, ਹਸਤੀ ਹਨ, ਸਮੁੱਚਾ ਗਿਆਨ ਉਨ੍ਹਾਂ ਅੰਦਰ ਹੈ ਪਰ ਉਹ ਸਮਰੱਥ ਗੁਰੂ ਦੀ ਪ੍ਰਾਪਤੀ ਨਾਲ ਮਿਲਿਆ ਕਰਦਾ ਹੈ, ਉਸ ਏਕੰਕਾਰ ਤੋਂ ਹੀ ਸ਼ਬਦ ਧੁਨ ਹੋਈ ਜਿਸ ਤੋਂ ਸਾਰੇ ਆਕਾਰ ਬਣ ਗਏ, ਹੁਕਮ ਦੀ ਕ੍ਰਿਆ ਸ਼ੁਰੂ ਹੋ ਗਈ–

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥*
*ਇਕਨਾ ਹੁਕਮੀ ਬਖਸੀਸ*
*ਇਕਿ ਹੁਕਮੀ ਸਦਾ ਭਵਾਈਅਹਿ ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਅੰਗ– ੧*

ਸਾਰੇ ਆਕਾਰ, ਰੂਪ, ਰੰਗ, ਰੇਖ, ਭੇਖ ਬਣ ਗਏ ਪਰ ਏਕੰਕਾਰ ਜੀ ਆਪ ਰੂਪ, ਰੰਗ, ਰੇਖ, ਭੇਖ ਤੋਂ ਨਿਆਰੇ, ਚੱਕਰ, ਚਿਹਨ, ਵਰਨ ਜਾਤ ਕੋਈ ਵੀ ਨਹੀਂ। ਜੇ ਕਹੋ ਕਿ ਜਿਸ ਚੀਜ਼ ਦਾ ਰੂਪ, ਰੰਗ, ਰੇਖ, ਭੇਖ ਹੈ ਨਹੀਂ ਹੈ ਉਹ ਚੀਜ਼ ਕੀ ਹੋਈ? ਉਹ ਸ਼ਕਤੀ ਕੀ ਹੋਈ? ਤੁਸੀਂ ਆਪ ਹੀ ਵੇਖ ਲਓ ਤੁਸੀਂ ਹਰ ਰੋਜ਼ remote control ਦੀ ਵਰਤੋਂ ਕਰਦੇ ਹੋ, ਟੈਲੀਵੀਜ਼ਨ ਕਿੰਨੀ ਦੂਰ ਪਿਆ ਹੁੰਦਾ ਹੈ। ਇਸੇ ਤਰ੍ਹਾਂ ਕ੍ਰੋੜਾਂ ਮੀਲਾਂ ਤੇ ਕੰਮ ਕਰਨ ਲਈ ਵੀ remote control ਹੋਇਆ ਕਰਦੇ ਹਨ ਜਿਨ੍ਹਾਂ ਦੀ ਸ਼ਕਤੀ ਦਿਸਦੀ ਤਾਂ ਹੈ ਨਹੀਂ ਪਰ ਕੰਮ ਕਰ ਰਹੀ ਹੈ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਰੂਪ, ਰੰਗ, ਰੇਖ, ਭੇਖ ਤੋਂ ਨਿਆਰੇ ਹੁੰਦੇ ਹੋਏ ਵੀ ਆਪੇ ਹੀ ਹਨ ਹੋਰ ਕੋਈ ਇਸ ਸੰਸਾਰ ਤੇ ਨਾ ਹੈ ਨਾ ਹੋਇਆ ਹੈ, ਨਾ ਹੋਣਾ ਹੈ। ਜੀਵ ਵੀ ਉਧਰੋਂ ਹੀ ਆਇਆ ਹੈ, ਨਾਮ ਦੀ ਸਕਤੀ ਉਸੇ ਤੋਂ ਪ੍ਰਗਟ ਹੈ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* ਅੰਗ – ੧

ਉਹ ਇਸ ਸਾਰੇ ਸੰਸਾਰ ਵਿਚ ਹੁੰਦਾ ਹੋਇਆ ਵੀ ਆਪ ਵੱਖਰਾ ਹੁੰਦਾ ਹੈ –

*..............ਬੈਠਾ ਵੇਖੈ ਵਖਿ ਇਕੇਲਾ॥* ਅੰਗ – ੭੨੩

ਨੇੜੇ ਹੁੰਦਾ ਹੋਇਆ ਵੀ ਦੂਰ ਤੋਂ ਦੂਰ ਹੈ ਸੋ ਇਸ ਤਰ੍ਹਾਂ ਨਾਲ ਪ੍ਰਕ੍ਰਿਤੀ ਦੀਆਂ ਸ਼ਕਤੀਆਂ ਜੋ ਬਿਲਕੁਲ ਦਿਸਦੀਆਂ ਨਹੀਂ ਹਨ ਪਰ ਹੈਰਾਨ ਹੋ ਜਾਈਦਾ ਹੈ ਉਨ੍ਹਾਂ ਦਾ ਕੰਮ ਦੇਖ ਕੇ। ਆਪਣੀ ਕਾਰ ਵਿਚ ਬੈਠੇ-ਬੈਠੇ ਹੀ ਆਪਣੇ ਨੰਬਰ ਤੇ ਟੈਲੀਫੋਨ ਦੀ ਘੰਟੀ ਵਜਾ ਦੇਵੋ, ਜਿਥੇ ਤੁਸੀਂ ਗੱਲ ਕਰਨੀ ਹੈ ਉਥੇ ਘੰਟੀ ਵਜ ਜਾਵੇਗੀ। ਉਹ ਕਿਹੜੀ ਚੀਜ਼ ਹੋਈ ਜਿਹੜੀ ਬਟਨ ਦੱਬਦੇ ਸਾਰ ਉਥੇ ਪਹੁੰਚ ਜਾਂਦੀ ਹੈ। ਇਸੇ ਤਰ੍ਹਾਂ ਨਾਲ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਪ੍ਰਭੂ ਆਪਣਾ ਖੇਲ੍ਹ ਆਪ ਹੀ ਵੇਖ ਰਿਹਾ ਹੈ। ਆਪ ਹੀ ਦੋਹੀਂ ਪਾਸੀਂ ਹੋ ਕੇ ਦੇਖ ਰਿਹਾ ਹੈ। ਆਪ ਹੀ ਉਤਪਤ ਕਰ ਰਿਹਾ ਹੈ ਅਤੇ ਆਪ ਹੀ ਵਿਨਾਸ਼ ਕਰ ਰਿਹਾ ਹੈ। ਆਪ ਹੀ ਪਾਲ ਰਿਹਾ ਹੈ, ਸਭ ਕੁਝ ਆਪ ਹੀ ਕਰ ਰਿਹਾ ਹੈ ਪਰ ਮਾਇਆ ਦੇ ਓਹਲੇ ਹੋਣ ਕਰਕੇ ਜੀਵ ਨੂੰ ਭਰਮ ਪਿਆ ਹੋਇਆ ਹੈ ਕਿ ਸਭ ਕੁਝ ਮੈਂ ਕਰ ਰਿਹਾ ਹਾਂ। ਸੋ ਓਅੰਕਾਰ ਤੋਂ ਸ਼ਬਦ ਧੁਨ ਹੋਈ –

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*
ਪਾਤਸ਼ਾਹੀ ੧੦

ਉਸ ਸ਼ਬਦ ਦਾ ਨਾਉਂ ਓਅੰਕਾਰ ਰੱਖ ਲਿਆ, ਨਾਉਂ ਬਿਨਾਂ ਅਸਾਨੂੰ ਕਿਸੇ ਚੀਜ਼ ਦੀ ਸਮਝ ਨਹੀਂ ਆਉਂਦੀ। ਨਾਮ ਚੀਜ਼ ਦਾ ਹੋਇਆ ਕਰਦਾ ਹੈ ਉਸ ਨੂੰ ਦੱਸਣ ਵਾਸਤੇ। ਪਰ ਚੀਜ਼ ਹੋਰ ਹੋਇਆ ਕਰਦੀ ਹੈ, ਨਾਮ ਹੋਰ ਹੋਇਆ ਕਰਦਾ ਹੈ। ਜਿਵੇਂ ਜ਼ਹਿਰ ਨਾਮ ਹੈ, ਜਦੋਂ ਜ਼ਹਿਰ ਖਾ ਕੇ ਸਰੀਰ ਵਿਚ ਅਸਰ ਕਰਦੀ ਹੈ ਉਹ ਚੀਜ਼ ਜ਼ਹਿਰ ਹੈ। ਇਸੇ ਤਰ੍ਹਾਂ ਨਾਲ ਜੋ ਦਿਬਯ ਧੁਨ ਸਾਰੀ ਸ੍ਰਿਸ਼ਟੀ ਵਿਚ ਸਮਾਈ ਹੋਈ ਹੈ ਉਸ ਤੋਂ ਸਾਰੀਆਂ ਚੀਜ਼ਾਂ, ਸਾਰੀਆ ਸਾਇੰਸਾਂ, ਸਾਰੇ ਗਿਆਨ, ਸਾਰੇ ਰਸ, ਕੁਲ ਚੀਜ਼ਾਂ ਉਸ ਧੁਨ ਤੋਂ ਪੈਦਾ ਹੋਈਆਂ ਹਨ। ਜਦੋਂ ਅਸੀਂ ਗੁਰਮੰਤ੍ਰ ਦੇ ਬਲ ਨਾਲ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਅੰਦਰ ਪ੍ਰਵੇਸ਼ ਕਰਦੇ ਹਾਂ ਉਸ ਵੇਲੇ ਅਸਾਨੂੰ ਅੰਦਰੋਂ ਹੀ ਅਨਹਦ ਸ਼ਬਦ ਸੁਣਾਈ ਦਿੰਦੇ ਹਨ, ਦਿਬਯ ਜੋਤ ਪ੍ਰਗਟ ਹੋ ਜਾਂਦੀ ਹੈ। ਸਾਰਿਆਂ ਨਾਲੋਂ ਵੱਡੀ ਗੱਲ ਵਿਵੇਕ ਬੁੱਧੀ ਪ੍ਰਗਟ ਹੋ ਕੇ ਪ੍ਰਭੂ ਦੇ ਦੇਸ਼ ਵਿਚ ਪਹੁੰਚਣ ਲਈ ਰਾਹ ਸਾਫ ਕਰਦੀ ਹੈ। ਉਹ ਆਦਿ ਸ਼ਕਤੀ, ਜਿਸ ਤੋਂ ਸਭ ਕੁਝ ਹੋਇਆ ਹੈ, ਉਸ ਤਕ ਜੀਵ ਪਹੁੰਚ ਕੇ ਆਪਣਾ ਜੀਵਪੁਣਾ ਗੁਆ ਬੈਠਦਾ ਹੈ। ਮਹਾਰਾਜ ਸੰਕੇਤ ਵੀ ਕਰਦੇ ਹਨ –

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥*
ਅੰਗ – ੧੧੬੮

ਇਹ ਕੀ ਕਹੀ ਜਾਂਦਾ ਹੈ, ਇਹ ਮੇਰੇ ਪੁੱਤਰ ਹਨ, ਧੀਆਂ ਹਨ, ਰਿਸ਼ਤੇਦਾਰ ਹਨ, ਮਿੱਤਰ ਹਨ, ਦੁਸ਼ਮਣ ਹਨ ਇਹ ਮੇਰੇ ਆਪਣੇ ਮਜ਼ਹਬ ਦੇ ਹਨ, ਇਹ ਗੈਰ ਮਜ਼ਹਬ ਦੇ ਹਨ। ਕਿਉਂ ਵੰਡੀਆਂ ਪਾਉਂਦਾ ਹੈਂ? ਦੇਖ! ਇਥੇ ਇਕੋ ਪ੍ਰਭੂ ਅਨੇਕ ਰੂਪਾਂ ਵਿਚ ਖੇਲ੍ਹ ਰਿਹਾ ਹੈ, ਰਿਸ਼ਤੇ ਨਾ ਕਾਇਮ ਕਰ, ਹਉਮੈ ਦੇ ਜਾਲ ਵਿਚ ਫਸ ਕੇ ਤੇਰਾ ਪਤਨ ਹੋ ਜਾਵੇਗਾ। ਸੋ ਇਸ ਦੇ ਵਿਪਰੀਤ ਜਦੋਂ ਆਦਿ ਸ਼ਬਦ ਵਲ ਨੂੰ, ਜਿਸ ਨੂੰ ਸ਼ਬਦ ਬ੍ਰਹਮ ਆਖਦੇ ਹਨ, ਵਿਚ ਹਉਮੈ ਤੋਂ ਬਦਲੀ ਹੋਈ ਸਿੱਧ ਵਾਲੀ ਸੁਰਤ, ਜਿਸ ਦੇ ਬਾਰੇ ਫੁਰਮਾਨ ਹੈ –

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* ਅੰਗ – ੮

ਪਹੁੰਚਦੀ ਹੈ ਤਾਂ ਫਿਰ ਅਸਾਨੂੰ ਆਪਣੇ ਆਪੇ ਦਾ ਪਤਾ ਲਗਦਾ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਹਾਂ। ਜੋ ਕੁਝ ਵੀ ਮੈਂ ਦੇਖ ਰਿਹਾ ਹਾਂ ਇਹ ਤਾਂ ਚੌਹੀਂ

*(ਬਾਕੀ ਪੰਨਾ 35 ਤੇ)*

# ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਭਾਈ ਪਿੰਗ ਨੂੰ ਉਪਦੇਸ਼

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ – ੨੮੯*

*ਧਾਰਨਾ – ਪੇਖਤ ਸੁਨਤ ਸਦਾ ਹੈ ਸੰਗੇ,*
*ਮੈਂ ਮੂਰਖ ਜਾਨਿਆ ਦੂਰੀ ਰੇ।*
*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥*
*ਪ੍ਰਤਿਪਾਲੈ ਨਿਤ ਸਾਰਿ ਸਮਾਲੈ*
*ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥ ੧ ॥*
*ਹਰਿ ਆਰਾਧਿ ਨ ਜਾਨਾ ਰੇ ॥*
*ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥*
*ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥*
*ਦੀਨ ਦਇਆਲ ਕ੍ਰਿਪਾਲ ਸੁਖ ਸਾਗਰ*
*ਸਰਬ ਘਟਾ ਭਰਪੂਰੀ ਰੇ ॥*
*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ ॥ ੨ ॥*
*ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ*
*ਕਿਆ ਜਾਨਾ ਹੋਇ ਕੈਸੋ ਰੇ ॥*
*ਕਰਉ ਬੇਨਤੀ ਸਤਿਗੁਰ ਅਪੁਨੇ*
*ਮੈ ਮੂਰਖ ਦੇਹੁ ਉਪਦੇਸੋ ਰੇ ॥ ੩ ॥*
*ਮੈ ਮੂਰਖ ਕੀ ਕੇਤਕ ਬਾਤ ਹੈ*
*ਕੋਟਿ ਪਰਾਧੀ ਤਰਿਆ ਰੇ ॥ ਗੁਰੁ*
*ਨਾਨਕੁ ਜਿਨ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ਅੰਗ – ੬੧੨*

*ਧਾਰਨਾ – ਹਰਿ ਜੀ ਮੇਰੇ ਸੰਗ ਵਸਦਾ,*
*ਮੈਂ ਮੂਰਖ ਜਾਨਿਆ ਦੂਰੀ।*
*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।*
*ਨਾ ਘਾਟ ਹੈ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ।*
*ਅਕਾਲ ਉਸਤਤਿ*

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ੧ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ– ੬੮੪*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਜੇ ਕਿਸੇ ਦੇ ਮਨ ਵਿਚ ਐਨੀਓ ਗੱਲ, ਜਿੰਨੀ ਆਪਾਂ ਪੜ੍ਹੀ ਹੈ, ਐਨਾ ਹੀ ਬਚਨ ਹੈ ਮਹਾਰਾਜ ਦਾ – 'ਪੇਖਤ ਸੁਨਤ (ਦੇਖਦੈ ਤੇ ਸੁਣਦੈ) ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥' ਲੇਕਿਨ ਮੈਂ ਐਡਾ ਬੇਵਕੂਫ ਹਾਂ, ਬੇਅਕਲ ਹਾਂ ਕਿ ਮੈਂ ਹਾਲਾਂ ਤੱਕ ਨਹੀਂ ਇਹ ਸਬਕ ਪਕਾ ਸਕਿਆ ਕਿ ਮੇਰੇ ਨਾਲ ਰਹਿੰਦੈ। ਗੁਰੂ ਨੇ ਵੀ ਹੋਰ ਖੋਲ੍ਹ ਕੇ ਦੱਸਿਆ ਹੈ –

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥ ਅੰਗ– ੬੮੪*

ਸ਼ੀਸ਼ੇ ਵਿਚ ਪਰਛਾਵਾਂ ਤੇ ਫੁੱਲ ਵਿਚ ਖੁਸ਼ਬੂ–

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ਅੰਗ – ੬੮੪*

ਨਾ ਟੋਲ੍ਹ ਉਸ ਨੂੰ ਬਾਹਰ, ਨਾ ਦੇਖ ਬਾਹਰ, ਕਿਤੇ ਨਹੀਂ ਹੈ। ਘੁੰਮਣਵਾਣੀ ਨਾ ਲਾ। ਸਾਰੇ ਤੀਰਥ ਤੇਰੇ ਅੰਦਰ ਨੇ। ਅੰਮ੍ਰਿਤ ਦਾ ਸਰੋਵਰ ਤੇਰੇ ਅੰਦਰ ਲਬਾਲਬ ਭਰਿਆ ਪਿਆ ਹੈ। ਕਿਉਂ ਭਟਕਣਾ ਵਿਚ ਪਿਐਂ? ਉਥੇ ਜਾਨੈ–ਮੈਂ ਉਥੇ ਜਾਨੈ। ਮਹਾਂਪੁਰਸ਼ਾਂ ਦੇ ਬਚਨ ਮੰਨ ਲੈ –

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥ ਅੰਗ – ੧੩੭੫*

ਕਾਅਬੇ ਨੂੰ ਚੱਲਿਆ, ਬੜੀਆਂ ਤਿਆਰੀਆਂ ਕੀਤੀਆਂ। ਸੰਗਤਾਂ ਤੋਂ ਛੁੱਟੀਆਂ ਲਈਆਂ। ਰਸਤੇ ਦਾ ਖਰਚਾ ਬੰਨ੍ਹਿਆਂ ਤੇ ਤੁਰਿਆ ਜਾਨਾਂ, ਅਜੇ ਕੋਈ ਭਲਾ ਪੁਰਸ਼ ਮੱਥੇ ਨਹੀਂ ਲੱਗਿਆ, ਪਹਿਲਾਂ ਹੀ ਰੱਬ ਮਿਲ ਗਿਆ –

*ਸਾਂਈ ਮੁਝ ਸਿਉ ਲਰਿ ਪਰਿਆ*

*ਤੁਝੈ ਕਿਨ੍ਹਿ ਫੁਰਮਾਈ ਗਾਇ ॥* *ਅੰਗ- ੧੩੭੫*

ਕਬੀਰ! ਆਹ ਤਾਂ ਸਾਰਾ ਸੰਸਾਰ ਭਟਕਦਾ ਫਿਰਦੈ ਤੇ ਤੈਨੂੰ ਇਹ ਅੱਖਾਂ ਦਿਤੀਆਂ ਨੇ। ਤੈਨੂੰ ਇਹ ਕੀਹਨੇ ਗੱਲ ਦਸ ਦਿਤੀ ਕਿ ਮੈਂ ਫਲਾਣੇ ਥਾਂ ਰਹਿੰਦਾ ਹਾਂ?

ਬੜਾ ਸੋਹਣਾ ਮਹਾਰਾਜ ਨੇ ਬਚਨ ਕੀਤਾ। ਬਹੁਤ ਪਿਆਰ ਨਾਲ ਅਸੀਂ ਗਾ ਵੀ ਸਕਦੇ ਹਾਂ, ਪੜ੍ਹ ਵੀ ਸਕਦੇ ਹਾਂ ਲੇਕਿਨ ਨਿਹਚੇ ਵਿਚ ਨਹੀਂ ਆਉਂਦਾ। ਗੱਲ ਛੋਟੀ ਜਿਹੀ ਹੈ ਬਹੁਤੀ ਵੱਡੀ ਨਹੀਂ ਹੈ। 'ਪੇਖਤ ਸੁਨਤ ਸਦਾ ਹੈ ਸੰਗੇ' ਜੇ ਕਿਤੇ ਆਹ ਗੱਲ ਦਿਲ ਵਿਚ 100% ਵਸ ਜਾਵੇ, ਉਹ ਇਸ ਤਰ੍ਹਾਂ ਸਮਝ ਲਓ ਕਿ ਜਿਵੇਂ ਆਹ ਤੇਜ਼ ਰਫ਼ਤਾਰ ਰਾਕੇਟ ਚਲਾਏ ਜਾਂਦੇ ਨੇ, ਇਕ ਗੱਡੇ ਦੇ ਉਤੇ ਸਵਾਰੀ ਕਰ ਰਿਹੈ, ਇਕ ਪੈਦਲ ਚੱਲ ਰਿਹੈ। ਇਸ ਤੋਂ ਵੀ ਥੱਲੇ ਇਕ ਕੀੜੀ ਤੁਰੀ ਜਾ ਰਹੀ ਹੈ। ਇਕ ਰਾਕੇਟ ਦੇ ਉਤੇ ਬੈਠਾ ਹੋਇਆ ਪੰਛੀ ਜਾ ਰਿਹੈ। ਕਿੰਨਾਂ ਫਰਕ ਪੈ ਗਿਆ ਦੋਹਾਂ ਦਾ। ਕੀੜੀ ਪਹੁੰਚ ਨਹੀਂ ਸਕਦੀ, ਲੱਖਾਂ ਕਰੋੜਾਂ ਮੀਲ। ਘੱਟ ਤੋਂ ਘੱਟ ਕਰੋੜ ਮਰੇਗੀ ਜੇ ਕਰੋੜਾਂ ਮੀਲ ਜਾਣਾ ਵੀ ਹੋਇਆ। ਲੇਕਿਨ ਜੋ ਰਾਕੇਟ ਵਿਚ ਹੈ ਉਹ ਕੁਝ ਮਿੰਟਾਂ ਵਿਚ, ਕੁਝ ਘੰਟਿਆਂ ਵਿਚ ਜਾ ਪਹੁੰਚਦੈ। ਸੋ ਜੇ ਤਾਂ ਇਹ ਗੱਲ ਘਰ ਕਰ ਜਾਵੇ, ਹੁਣੇ ਹੀ ਸਤਿਸੰਗ 'ਚ ਬੈਠੇ ਦੇ ਕਿ ਮੈਂ ਇਹ ਸਬਕ ਨਹੀਂ ਭੁੱਲਣਾ। ਫੇਰ ਜਿਹੜਾ ਨਾਲ ਹੁੰਦੈ, ਉਹਦੀ ਹਾਜ਼ਰੀ ਮਹਿਸੂਸ ਹੋਇਆ ਕਰਦੀ ਹੈ।

ਘਰ ਦੇ ਵਿਚ ਚੋਰ ਆਵੇ, ਕੋਠੀ ਹੋਵੇ ਵੀਹ-ਤੀਹ, ਪੰਜਾਹ ਕਮਰਿਆਂ ਦੀ। ਉਹਨੂੰ ਪੱਕਾ ਪਤਾ ਲਗ ਜਾਵੇ ਕਿ ਤੁਹਾਡੀ ਕੋਠੀ 'ਚ ਚੋਰ ਹੈ। ਕਿੱਡਾ ਵੱਡਾ ਨਿਹਚਾ ਕਾਇਮ ਹੋ ਜਾਵੇਗਾ। ਡਰੇਗਾ। ਰਿਵਾਲਵਰ 'ਚ ਗੋਲੀਆਂ ਭਰ ਕੇ ਹੱਥ ਵਿਚ ਰੱਖੇਗਾ। ਮਾੜੀ ਜਿਹੀ ਬਿੜਕ ਹੋਏਗੀ ਉਸੇ ਵੇਲੇ ਸਾਵਧਾਨ ਹੋ ਜਾਏਗਾ। ਕਿਉਂਕਿ ਇਕ ਚੋਰ ਨਾਲ ਤਾਂ ਹੈ ਨਹੀਂ, ਪਰ ਉਸ ਕੋਠੀ ਵਿਚ ਹੈ ਜਾਂ ਕਿਸੇ ਦਾ ਫਾਰਮ ਹੈ ਉਥੇ ਕਹਿ ਦਿਤਾ ਕਿ ਤੁਹਾਡੇ ਗੰਨੇ ਵਿਚ ਚੋਰ ਬੈਠਾ ਹੈ। ਡਰੇਗਾ ਕਿ ਕਿਤੇ ਗੋਲੀ ਨਾ ਮਾਰ ਦੇਵੇ। ਹੁਣ ਜੇ ਇਹ ਗੱਲ ਕੇਵਲ ਸਮਝ ਲਈ ਜਾਵੇ, ਯਾਦ ਕਰ ਲਈ ਜਾਵੇ, ਫੇਰ ਵੀ ਕੁਛ ਨਹੀਂ ਫਰਕ ਪੈਂਦਾ। ਜਦੋਂ ਤਕ ਉਹਦੀ ਵਡੱਤਣ ਯਾਦ ਨਹੀਂ ਆਉਂਦੀ। 'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ' ਉਹ ਕੋਈ ਛੋਟਾ ਜਿਹਾ ਨਹੀਂ ਹੈ, ਜਿਹੜਾ ਮੇਰੇ ਨਾਲ ਹੈ। ਉਹ ਕਰੋੜਾਂ ਬ੍ਰਹਿਮੰਡਾਂ ਦਾ ਠਾਕੁਰ ਹੈ। ਸੂਰਜ ਮੰਡਲ ਦੇ ਅੰਦਰ 6 ਅਰਬ, 40 ਕਰੋੜ ਤਾਰੇ-ਸਿਤਾਰੇ ਨੇ, ਆਹ ਸਾਡੇ ਨਿੱਕੇ ਜਿਹੇ ਸੂਰਜ ਮੰਡਲ ਵਿਚ। ਜਿਹੜਾ ਸਾਡਾ ਬ੍ਰਹਿਮੰਡ ਹੈ ਉਹਦੇ ਵਿਚ ਖਰਬਾਂ ਹੀ ਸੂਰਜ ਨੇ। ਪੜ੍ਹੇ-ਲਿਖੇ ਲੋਕਾਂ ਨੂੰ ਕੰਪਿਊਟਰ ਦੇ ਨਾਲ ਕੈਲਕੂਲੇਟਰਾਂ ਨਾਲ ਵੀ ਇਹ ਚੀਜ਼ਾਂ ਪਤਾ ਨਹੀਂ ਲਗਦੀਆਂ, ਕਿਉਂਕਿ ਉਹ ਵੀ limit ਵਿਚ ਨੇ। ਜਿਹੜਾ ਹੈ ਹੀ ਕਰੋੜਾਂ ਦਾ ਮਾਲਕ, ਜਿਹਦੇ ਨਾਲ ਹੋ ਜਾਵੇ ਉਹਦੀ ਫੇਰ ਹਾਲਤ ਕੀ ਹੁੰਦੀ ਹੈ, ਜੇ ਉਹ ਮੰਨ ਲਵੇ। ਸੋ ਜਦੋਂ ਮੰਨਣਾ ਹੈ, ਨਾਲ ਇਹ ਵੀ ਮੰਨਣਾ ਹੈ ਕਿ ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ - ***'ਪ੍ਰਤਿਪਾਲੈ ਨਿਤ ਸਾਰਿ ਸਮਾਲੈ'*** ਰੋਜ਼ ਪ੍ਰਤਿਪਾਲਣਾ ਕਰਦੈ। ਰੋਜ਼ ਮੇਰੀ ਸਾਸ-ਸਾਸ ਸੰਭਾਲ ਵੀ ਕਰਦੈ। ਲੇਕਿਨ ਮਹਾਰਾਜ ਕਹਿੰਦੇ, ਕਮਾਲ ਦੀ ਗੱਲ ਹੈ ਕਿ ਐਡੀ ਵੱਡੀ ਹਸਤੀ ਤੇਰੇ ਨਾਲ ਰਹਿੰਦੀ ਹੋਵੇ ਤੇ ਤੂੰ ਉਹਦੀ ਇਕ ਵੀ ਸਿਫ਼ਤ ਨੂੰ, ਸਾਰੀ ਜ਼ਿੰਦਗੀ ਦੇ ਅੰਦਰ ਨਹੀਂ ਜਾਣ ਸਕਿਆ। ਕਿਉਂਕਿ ਮੂਰਖ ਹੈ ਇਹ ਬੰਦਾ। ਕਹਿੰਦੇ, ਜੀ ਪੜ੍ਹੇ ਹੋਏ ਵੀ ਮੂਰਖ ਹੁੰਦੇ ਨੇ? ਪੀਐਚ.ਡੀ ਕੀਤੀ ਹੋਈ ਹੈ, ਪ੍ਰੋਫੈਸਰ ਨੇ। ਵੱਡੇ-ਵੱਡੇ ਸਾਇੰਟਿਸਟ ਨੇ, ਵੱਡੇ-ਵੱਡੇ ਲਿਖਾਰੀ ਨੇ। ਅਖਬਾਰਾਂ ਦੇ ਕਾਲਮਾਂ ਦੇ ਕਾਲਮ ਭਰ ਦਿੰਦੇ ਨੇ। ਕੀ ਉਹ ਵੀ ਕਮਲੇ ਨੇ, ਮੂਰਖ ਨੇ? ਮਹਾਰਾਜ ਕਹਿੰਦੇ, ਮੂਰਖ ਉਹ ਹੁੰਦੈ ਜਿਹਨੂੰ ਹੁੰਦੀ ਹੋਈ ਚੀਜ਼ ਦਾ ਪਤਾ ਨਾ ਲੱਗੇ ਕਿ ਮੇਰੇ ਆਲੇ-ਦੁਆਲੇ ਕੀ ਚੀਜ਼ ਹੈ। ਪਾਗ਼ਲ ਨੂੰ ਨਹੀਂ ਪਤਾ ਹੁੰਦਾ ਕਿਸੇ ਚੀਜ਼ ਦਾ ਵੀ। ਸੋ ਮਹਾਰਾਜ ਇਕ ਥਾਂ ਫੁਰਮਾਨ ਕਰਦੇ ਨੇ ਕਿ 'ਨਾਮ' 'ਤੇ ਵਿਸ਼ਵਾਸ਼ ਨਾ ਲਿਆ ਕੇ ਆਦਮੀ ਕੀ, ਸਾਰਾ ਸੰਸਾਰ ਪਾਗ਼ਲ ਹੋਇਆ ਪਿਆ ਹੈ -

*ਬਿਨੁ ਨਾਵੈ ਜਗੁ ਕਮਲਾ ਫਿਰੈ ......॥* *ਅੰਗ- ੬੪੩*

ਸਾਰਾ ਸੰਸਾਰ ਕਮਲਿਆਂ ਦਾ ਤੁਰਿਆ ਫਿਰਦੈ ਕਿਉਂਕਿ ਨਾਮ ਉਸ ਅਵਸਥਾ ਨੂੰ ਕਹਿੰਦੇ ਨੇ, ਜਿਹਦੇ ਵਿਚ 100% ਵਿਸ਼ਵਾਸ਼ ਆ ਜਾਵੇ ਅਰ ਭੋਰਾ ਜਿੰਨਾ ਵੀ ਸ਼ੱਕ ਨਾ ਹੋਵੇ। ਕੋਈ ਗੁੰਜਾਇਸ਼ ਨਾ ਰਹੇ ਕਾਲੀ ਲਕੀਰ ਦੀ। ਭਰਮ ਨਾ ਹੋਵੇ। ਗੱਲ ਕਹਿਣ ਨੂੰ ਬਹੁਤ ਸੁਖਾਲੀ ਹੈ। ਸਿਰੇ 'ਤੇ ਗੰਢ ਨੂੰ ਫੜ ਲਿਆ ਅਸੀਂ। ਪਰ ਇਹ ਮੰਨੀ ਕਿਵੇਂ ਜਾਵੇ? ਵਜ਼ਨ ਚੁੱਕਿਆ ਨਹੀਂ ਜਾਂਦਾ।

ਇਕ ਵਾਰੀ ਸਾਡਾ ਦੀਵਾਨ ਲੱਗਿਆ ਹੋਇਆ ਸੀ 15 ਸੈਕਟਰ। 10 ਦਿਨ ਮੈਂ ਕੀਰਤਨ ਕਰਦਾ ਰਿਹਾ। ਉਥੇ ਇਕ ਪ੍ਰੇਮੀ ਦਸਵੇਂ ਦਿਨ ਮਿਲਿਆ। ਕਹਿਣ ਲੱਗਿਆ, ਤੁਹਾਡੇ ਨਾਲ ਮੈਂ ਇਕ ਬਚਨ ਕਰਨਾ ਹੈ। ਮੈਂ 10 ਦਿਨ ਤੋਂ ਤੁਹਾਡਾ ਦੀਵਾਨ ਸੁਣ ਰਿਹਾ ਹਾਂ। ਇਕ ਪਾਸੇ ਹੋ ਕੇ ਮੇਰੀ ਗੱਲ ਸੁਣ

ਲਓ। ਮੈਂ ਪਰ੍ਹੇ ਨੂੰ ਹਟ ਗਿਆ ਇਕੱਲਾ, ਹਨ੍ਹੇਰਾ ਜਿਹਾ ਸੀ, ਮੈਂ ਕਿਹਾ, ਦੱਸੋ?

ਕਹਿੰਦੇ, ਜਿਹੜੀ ਤੁਸੀਂ ਅੱਜ ਗੱਲ ਕਹੀ ਹੈ ਉਹ ਪਹਿਲੇ ਦਿਨ ਕਿਉਂ ਨਹੀਂ ਕਹੀ?

ਮੈਂ ਕਿਹਾ, ਇਸ ਕਰਕੇ ਨਹੀਂ ਕਹੀ ਕਿ ਵਜ਼ਨ ਨਹੀਂ ਸੀ ਇਹਦਾ ਚੁੱਕ ਹੁੰਦਾ ਕਿਸੇ ਤੋਂ। ਦੁਨੀਆਂ ਦੇ ਅੰਦਰ ਥੋੜ੍ਹੇ ਹੀ ਬੰਦੇ ਨੇ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*

*ਅੰਗ- ੧੪੧੧*

ਕੋਈ ਹੀ ਨੇ? -

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥*

*ਅੰਗ- ੧੪੨੭*

ਕਰੋੜਾਂ 'ਚੋਂ ਇਕ-ਅੱਧਾ ਬੰਦਾ ਹੈ ਜਿਹੜਾ, 'ਪੇਖਤ ਸੁਨਤ ਸਦਾ ਹੈ ਸੰਗੇ, ਮੈਂ ਮੂਰਖ ਜਾਨਿਆ ਦੂਰੀ ਰੇ।' ਇਸ ਤੁਕ ਦਾ ਬੋਝ ਚੁੱਕ ਲਵੇ।' ਉਹਦੇ ਵਾਸਤੇ ਤਿਆਰੀ ਕਰਨੀ ਪੈਂਦੀ ਹੈ। ਜਿਵੇਂ ਵਰਜਿਸ਼ ਕਰਕੇ ਤਾਂ ਆਦਮੀ ਵੱਡੇ-ਵੱਡੇ ਮੁਗਧਰ ਚੁੱਕ ਲੈਂਦੈ। ਓਡਾ ਹੀ ਮੋਟਾ ਤਾਜ਼ਾ, ਓਨੇ ਹੀ ਭਾਰ ਦਾ ਬੰਦਾ ਹੋਵੇ ਉਸ ਤੋਂ ਅੱਧਾ ਭਾਰ ਵੀ ਨਹੀਂ ਚੁਕ ਸਕਦਾ। ਮੈਂ ਨਿਕੇ-ਨਿਕੇ ਦੇਖੇ ਨੇ, ਪਤਲੇ-ਪਤਲੇ ਬੋਰੀਆਂ ਚੁਕਦੇ ਨੇ ਰੇਤੇ ਦੀਆਂ ਭਰੀਆਂ ਹੋਈਆਂ। ਜਦੋਂ ਚੁੱਕ ਲੈਂਦੇ ਨੇ, ਫੇਰ ਨਾਲ ਗੱਡੇ ਦੀਆਂ ਧੁਰਾਂ ਬੰਨ੍ਹ ਦਿੰਦੇ ਸੀ ਕਿ ਵਜ਼ਨ ਕਰ ਲਈਏ। ਫੇਰ ਦੋ ਬੰਨ੍ਹ ਦਿਤੀਆਂ, ਤਿੰਨ ਬੰਨ੍ਹ ਦਿਤੀਆਂ, ਲੋਹਾਂ ਬੰਨ੍ਹੀ ਜਾਂਦੇ ਸੀ ਕਿਉਂਕਿ ਓਨੀਂ ਤਾਕਤ ਆਈ ਜਾਂਦੀ ਸੀ। ਇਸੇ ਤਰ੍ਹਾਂ ਇਸ ਜੀਵ ਦੇ ਅੰਦਰ ਇਹ ਤਾਕਤ ਨਹੀਂ ਹੈ ਕਿ ਇਸ ਗੱਲ ਨੂੰ ਮੰਨ ਲਵੇ ਕਿ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਜਿਹੜਾ ਹੈ ਉਹ ਮੇਰੇ ਨਾਲ ਰਹਿੰਦੈ। ਜੇ ਮੰਨ ਲਈਏ ਅਸੀਂ ਤਾਂ ਸਾਨੂੰ ਪ੍ਰਾਪਤੀ ਹੋ ਜਾਵੇ। ਫੇਰ ਜੇ ਨਹੀਂ ਮੰਨਦੇ, ਫੇਰ ਸਾਨੂੰ ਕੀ ਕਰਨਾ ਚਾਹੀਦੈ? ਫੇਰ ਸਾਧਨ ਨੇ ਕੁਛ। ਜਦੋਂ ਤਕ ਉਹ ਨਹੀਂ ਹੁੰਦੇ, ਓਨਾਂ ਚਿਰ ਤਾਕਤ ਨਹੀਂ ਆਉਂਦੀ। ਸਭ ਤੋਂ ਪਹਿਲਾਂ ਵੈਰਾਗ ਹੋਣਾ ਚਾਹੀਦਾ ਹੈ। ਇਕ ਰਾਗ ਹੈ, ਇਕ ਵੈਰਾਗ ਹੈ। ਰਾਗ Attachment ਨੂੰ ਕਹਿੰਦੇ ਨੇ, ਵੈਰਾਗ detachment ਨੂੰ ਕਹਿੰਦੇ ਨੇ, ਸੰਸਾਰ ਤੋਂ ਆਪਣਾ ਚਿੱਤ ਖਿੱਚ ਲੈਣਾ। ਚਿੱਤ ਖਿੱਚ ਕੇ ਸਤਿ ਦੇ ਉਤੇ ਲਾ ਦੇਣਾ। ਜੋ ਚੀਜ਼ ਅਸਲੀ ਹੈ ਓਧਰ ਲਾ ਦੇਣਾ, ਬਾਕੀਆਂ ਵਲੋਂ ਸਾਰੀਆਂ ਇੰਦਰੀਆਂ ਪਰ੍ਹੇ (senses withdraw) ਕਰ ਲੈਣੀਆਂ। ਆਪਣੀ ਕੋਈ ਚੀਜ਼ ਨਾ ਮੰਨਣੀ। ਇਥੇ ਤਕ ਕਿ ਸਰੀਰ ਨੂੰ ਵੀ ਓਪਰਾ ਹੀ ਜਾਨਣਾ ਕਿ ਮੇਰਾ ਮਕਾਨ ਹੈ, ਥੋੜ੍ਹੀ ਚਿਰ ਵਾਸਤੇ ਦਿਤਾ ਹੈ। ਇਹ ਸਰੀਰ ਦੀਆਂ ਜਿਹੜੀਆਂ ਖਿੜਕੀਆਂ ਬਾਰੀਆਂ ਨੇ ਉਹਨਾਂ ਦਾ ਤਾਂ ਸਵਾਲ ਹੀ ਨਹੀਂ ਹੁੰਦਾ। ਉਹ ਵੀ ਕਿਸੇ ਦੀਆਂ ਨੇ, ਸਾਡੀਆਂ ਨਹੀਂ ਕਿਉਂਕਿ ਮਾਲਕ ਸਾਨੂੰ ਸਰੀਰ ਦਿੰਦੈ, ਅਸੀਂ ਤਾਂ ਕਿਤੋਂ ਨਹੀਂ ਲੈ ਕੇ ਆਉਂਦੇ। ਅਸੀਂ ਤਾਂ ਜੋ ਸਾਡਾ ਵਜੂਦ ਹੈ, ਉਹ ਤਾਂ ਅਕਾਸ਼ ਨਾਲੋਂ ਵੀ ਖਰਬਾਂ-ਖਰਬਾਂ ਗੁਣਾਂ ਛੋਟਾ ਹੈ।

ਇਕ ਵਾਰੀ ਮਹਾਂਪੁਰਸ਼ ਬੈਠੇ ਵੀਚਾਰ ਕਰਦੇ ਨੇ ਕਿ ਆਪਣੇ ਸਰੂਪ ਕਿੱਡੇ ਕੁ ਨੇ? ਇਹ ਤਾਂ ਸਾਇੰਸ ਵਾਲੇ ਵੀ ਵਿਚਾਰ ਕਰਦੇ ਨੇ। ਡਾ. ਸਟੀਫਨ ਨੇ mathematically (ਗਣਿਤਿਕ ਤੌਰ 'ਤੇ) ਕੱਢਣ ਦਾ ਯਤਨ ਕਰਿਆ ਕਿ ਸਭ ਜਿਹੜਾ ਸੂਖਸ਼ਮ ਤੋਂ ਸੂਖਸ਼ਮ ਪੁਆਇੰਟ ਹੈ ਉਹ ਕਿੰਨਾ ਹੈ? ਕਿਉਂਕਿ ਉਹਦਾ ਇਹ ਵਿਚਾਰ ਸੀ ਕਿ ਪ੍ਰਕ੍ਰਿਤੀ ਜਦੋਂ ਐਨਰਜੀ 'ਚ ਬਦਲਦੀ ਹੈ ਤਾਂ ਫੇਰ ਸੁੰਗੜਦੀ ਹੈ। ਪਹਿਲਾਂ ਬਲੈਕ ਹੋਲ ਬਣਦੇ ਨੇ। ਉਹ ਐਨਾ ਛੋਟਾ ਬਣ ਜਾਂਦਾ ਹੈ ਕਿ ਉਹਦਾ ਵਜੂਦ ਹੀ ਨਹੀਂ ਹੁੰਦਾ। ਫੇਰ ਉਹਨੇ ਲਿਖਿਆ ਕਿ ਪ੍ਰਕ੍ਰਿਤੀ ਵਿਚ ਜਿੰਨੇ ਕਰੋੜਾਂ-ਅਰਬਾਂ ਬ੍ਰਹਿਮੰਡ ਨੇ, ਇਹ ਜਦੋਂ ਆਪਣੇ -

*ਜਬ ਉਦਕਰਖ ਕਰਾ ਕਰਤਾਰਾ।*
*ਪ੍ਰਜਾ ਧਰਤ ਤਬ ਦੇਹ ਅਪਾਰਾ।*
*ਜਬ ਆਕਰਖ ਕਰਤ ਹੋ ਕਬਹੂੰ।*
*ਤੁਮ ਮੈਂ ਮਿਲਤ ਦੇਹ ਧਰ ਸਭਹੂੰ। ਚੌਪਈ, ਪਾਤਸ਼ਾਹੀ ੧੦*

ਜਦੋਂ ਪੁੱਠਾ ਚੱਕਰ ਚਲ ਜਾਂਦਾ ਹੈ, ਜਿਹਨੂੰ ਪਰਲੋਂ ਕਹਿੰਦੇ ਨੇ, ਖਿੱਚ ਲੈਂਦੈ, ਪ੍ਰਮੇਸ਼ਰ ਸਾਰਿਆਂ ਨੂੰ। ਉਸ ਵੇਲੇ ਪ੍ਰਕ੍ਰਿਤੀ ਸਾਰੀ 'ਚ ਕਿੰਨਾ ਕੁ ਵਜ਼ਨ ਰਹਿ ਜਾਂਦੈ? ਸੇਰ ਦੀ ਰਹਿ ਜਾਂਦੀ ਹੈ ਜਾਂ ਮਣ ਦੀ ਰਹਿ ਜਾਂਦੀ ਹੈ ਜਾਂ ਇਕ ਮੀਲ ਦਾ ਪੱਥਰ ਬਣ ਜਾਂਦੈ ਜਾਂ ਸੁਕੇਅਰ ਦਾ ਪੱਥਰ। ਉਹਨੇ ਗਣਿਤ ਦੇ ਹਿਸਾਬ ਨਾਲ ਕੱਢਣ ਦਾ ਯਤਨ ਕਰਿਆ ਉਹ ਕਹਿੰਦਾ .0000000...... (80 ਜ਼ੀਰੋ) ਲਾਈ ਜਾਓ ਉਸ ਤੋਂ ਬਾਅਦ ਏਕਾ ਲਾ ਦਿਤਾ ਉਹਨੇ। ਪਹਿਲਾਂ ਤਾਂ ਆਮ ਬੰਦੇ ਦੇ ਸਮਝ ਵਿਚ ਹੀ ਨਹੀਂ ਆਉਂਦਾ ਕਿ ਉਹ ਕੀ ਕਹਿ ਗਿਆ। ਅੱਗੇ ਜਾ ਕੇ ਉਹਨੇ infinity (ਅਨੰਤਤਾ) ਲਿਖ ਦਿਤੀ। ਚਾਹੇ ਸਾਰੀ ਜ਼ਿੰਦਗੀ ਜ਼ੀਰੋ ਲਾਈ ਜਾਓ ਪਿੱਛੋਂ ਜਾ ਕੇ ਏਕਾ ਲਾ ਦਿਓ, ਉਹ ਵੀ ਸੱਚ ਨਹੀਂ ਹੈਗਾ, ਉਹ ਵੀ ਗਲਤ ਹੈ। ਹੁਣ ਜਿਹੜਾ ਸੋਝੀ ਵਾਲਾ ਬੰਦਾ ਹੈ ਉਹ ਵਿਸਮਾਦ ਵਿਚ ਆ ਜਾਏਗਾ ਕਿ ਹੈਂ ਐਡੀ ਵੱਡੀ ਸ੍ਰਿਸ਼ਟੀ, ਨੁਕਤੇ 'ਚ ਸਮਾਅ ਗਈ। ਨੁਕਤਾ ਤਾਂ ਅਜੇ ਵੱਡੀ ਚੀਜ਼ ਹੈ। ਸਾਡੇ ਸ਼ਾਸਤਰਕਾਰਾਂ ਨੇ ਲਿਖਿਆ ਹੈ ਕਿ ਜੋ ਆਤਮਾ ਦਾ ਵਜੂਦ ਹੈ ਕਿ ਕਿੱਡੀ ਕੁ ਹੈ

ਆਤਮਾ, ਤਾਂ ਉਹਨਾਂ ਨੇ ਇਹ ਗੱਲ ਕਹੀ ਕਿ ਇਕ ਵਾਲ ਨੂੰ ਦੋ ਖਰਬ ਵਾਰੀ ਪਾੜ ਦਿਓ।

ਸਾਡਾ ਲੜਕਾ ਇੰਜੀਨੀਅਰ ਹੈ। ਮੈਂ ਕਿਹਾ ਕੰਪਿਊਟਰ ਨਾਲ ਮੈਨੂੰ ਸਵਾਲ ਕੱਢ ਕੇ ਦਸ। ਇਕ ਵਾਲ ਨੂੰ ਤੂੰ ਦਸਵਾਂ ਹਿੱਸਾ, ਡੈਸੀਮਲ ਦਾ ਗਿਣ ਲੈ ਕਿ ਐਨਾ ਮੋਟਾ ਹੈ। ਦਸ ਵਾਲ ਇਕ ਡੈਸੀਮਲ ਦੇ ਬਰਾਬਰ ਨੇ। ਇਹਨੂੰ ਤੂੰ ਦੋ ਖਰਬ ਵਾਰੀ ਪਾੜ ਕੇ ਹਿਸਾਬ ਕੱਢ ਕੇ ਮੈਨੂੰ ਦਸ ਸਕਦੈਂ? ਕਹਿੰਦਾ, ਨਾ ਪਿਤਾ ਜੀ! ਇਹ ਤਾਂ ਹਿਸਾਬ ਨਿਕਲ ਹੀ ਨਹੀਂ ਸਕਦਾ, impossible ਹੈ ਕਿਉਂਕਿ ਇਹ ਤਾਕਤ ਹੋ ਗਈ। ਵਾਰ-ਵਾਰ, ਨਾ ਦੋ ਖਰਬ ਗਿਣਿਆ ਜਾਵੇ ਤੇ ਨਾ ਦੋ ਖਰਬ ਵਾਰੀ ਪਾੜਿਆ ਜਾਵੇ। ਉਹ ਤਾਂ ਕੁਛ ਵੀ ਨਹੀਂ ਰਿਹਾ। ਮੈਂ ਕਿਹਾ, ਇਹ ਆਤਮਾ ਦਾ ਵਜੂਦ ਹੈ। ਇਹ ਸ਼ਾਸਤਰਕਾਰਾਂ ਨੇ ਲਿਖਿਆ ਹੈ। ਡਾ. ਸਟੀਫਨ ਲਿਖਦੈ ਕਿ ਧਰਤੀ ਦਾ ਬੀਜ, .000001 ਫੇਰ ਉਹ ਲਿਖ ਦਿੰਦੈ ਹੈ, Infinity ਕਿ ਆਗਾਂਹਾਂ ਵਸ ਨਹੀਂ ਹੈ। ਜਿਵੇਂ 20 ਨੂੰ 6 'ਤੇ ਤਕਸੀਮ ਕਰਕੇ ਦਿਖਾਓ, ਕੋਈ ਬੰਦਾ। ਦੁਨੀਆਂ ਵਿਚ ਇਕ ਵੀ ਬੰਦਾ ਨਹੀਂ ਨਿਕਲੇਗਾ ਜਿਹੜਾ 20 ਨੂੰ 6 'ਤੇ ਤਕਸੀਮ ਕਰ ਦੇਵੇ। ਕਹਿਣਗੇ ਕਿ ਇਹ ਵੀ ਕੋਈ ਔਖਾ ਹੈ, ਵਟੇ ਲਾ ਕੇ ਕਰ ਦਿਓ। ਵਟੇ ਨਹੀਂ, ਪੁਆਇੰਟ ਲਾ ਕੇ ਚਲੀ ਚਲੋ। 2 ਬਚਦੇ ਹੀ ਜਾਣੇ ਨੇ। ਚਾਹੇ ਖਰਬ ਹਿੰਸਾ ਲਿਖ ਦਿਓ। ਫੇਰ ਵੀ ਦੋ ਬਚਣੇ ਨੇ। ਸੋ ਐਡੀ ਸੂਖਸ਼ਮ ਵਿਚਾਰ ਕਰ ਰਹੇ ਨੇ ਰਿਸ਼ੀ ਮੁਨੀ। ਮਿੱਟੀ ਨਾਲੋਂ ਪਾਣੀ 10 ਗੁਣਾਂ ਸੂਖਸ਼ਮ ਹੈ। ਦਸ ਮਣ ਪਾਣੀ 'ਚ 1 ਮਣ ਮਿੱਟੀ ਘੁਲ ਜਾਇਆ ਕਰਦੀ ਹੈ। ਪਾਣੀ ਨਾਲੋਂ ਸੌ ਗੁਣਾਂ ਸੂਖਸ਼ਮ ਅੱਗ ਹੈ। ਅੱਗ ਤੋਂ ਸੈਂਕੜੇ ਗੁਣਾਂ ਸੂਖਸ਼ਮ ਹਵਾ ਹੈ। ਹਵਾ ਤੋਂ ਲੱਖਾਂ ਗੁਣਾਂ ਸੂਖਸ਼ਮ ਆਕਾਸ਼ ਹੈ। ਕਹਿੰਦੇ, ਅਕਾਸ਼ ਨੂੰ ਤਾਂ ਇਕ ਯੂਨਿਟ ਮੰਨ ਲਓ। ਕਿੱਡੀ ਵੱਡੀ ਯੂਨਿਟ ਮੰਨੋ। ਕਹਿੰਦੇ, ਚਾਲੀ ਹਜ਼ਾਰ ਮੀਲ ਡੂੰਘਾ, ਚਾਲੀ ਹਜ਼ਾਰ ਮੀਲ ਚੌੜਾ, ਚਾਲੀ ਹਜ਼ਾਰ ਮੀਲ ਉੱਚਾ, ਸੁਕੇਅਰ। ਇਹਨੂੰ ਤਾਂ ਲਾ ਲਓ ਅਕਾਸ਼, ਇਹਦੇ ਮੁਕਾਬਲੇ ਦੇ ਉਤੇ ਜਿੱਡੀ ਨਿਸਬਤ ਰਾਈ ਦੇ ਦਾਣੇ ਨੂੰ ਹੁੰਦੀ ਹੈ, ਐਨੀ ਨਿਸਬਤ ਚੇਤਨ ਦੀ ਹੈ। ਹੁਣ ਇਹ ਦਿਮਾਗ ਤੋਂ ਤਾਂ ਬਾਹਰਲੀਆਂ ਗੱਲਾਂ ਨੇ। ਮਨੁੱਖੀ ਦਿਮਾਗ ਨਹੀਂ ਹੈ ਜਿਹੜਾ ਇਹਦੀ ਸੂਖਸ਼ਮਤਾ ਨੂੰ ਸਮਝ ਲਵੇ। ਮਹਾਰਾਜ ਕਹਿੰਦੇ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ।*
*ਪਾਤਸ਼ਾਹੀ ੧੦*

ਨਾ ਵੱਡੇ ਦਾ ਅੰਤ ਹੈ, ਨਾ ਛੋਟੇ ਦਾ ਅੰਤ ਹੈ। ਸੋ ਇਸ ਚੀਜ਼ ਨੂੰ ਫੜ ਨਹੀਂ ਸਕਦਾ ਬੰਦਾ। ਬਹੁਤ ਮੁਸ਼ਕਲ ਹੈ ਇਹ ਗੱਲ ਫੜਨੀ। ਸੋ -

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ- ੬੧੨*

ਇਹਨੂੰ ਜਾਨਣ ਵਾਸਤੇ ਫੇਰ ਤਿਆਰੀ ਹੁੰਦੀ ਹੈ ਪਹਿਲਾਂ ਹੁੰਦਾ ਹੈ - ਵੈਰਾਗ। ਵੈਰਾਗ ਹੁੰਦਾ ਹੈ ਕਿ ਬ੍ਰਹਮ ਲੋਕ ਦਾ ਜੋ ਸੁਖ ਹੈ ਇਥੇ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ ਜਿਹਨੂੰ ਕੋਈ ਬਿਮਾਰੀ ਨਹੀਂ, ਜਿਹਦੇ ਕੋਲ ਪੈਸੇ ਦੀ ਥੁੜ ਨਹੀਂ ਆਉਂਦੀ, ਜਿਹਦੀ ਰਿਆਇਆ ਉਹਨੂੰ ਧਰਤੀ ਦਾ ਅਵਤਾਰ ਕਰਕੇ ਮੰਨਦੀ ਹੋਵੇ, ਮੀਂਹ ਸਮੇਂ ਸਿਰ ਪੈਂਦੇ ਹੋਣ, ਖਜ਼ਾਨੇ ਖਾਲੀ ਨਾ ਹੋਣ, ਪੁਲਿਸ ਤੇ ਫੌਜ ਦੀ ਕੋਈ ਲੋੜ ਨਾ ਹੋਵੇ ਤੇ ਉਹ ਰਾਜਾ ਬੁੱਢਾ ਨਾ ਹੁੰਦਾ ਹੋਵੇ, ਸਦਾ ਹੀ ਇਕ ਰਸ ਉਹਦਾ ਜੀਵਨ ਰਹਿੰਦਾ ਹੋਵੇ, ਜਿੰਨਾ ਸੁਖ ਉਹਨੂੰ ਹੈ, ਉਹ ਇਕ ਯੂਨਿਟ ਬਣਾ ਕੇ, ਉਸ ਦੇ ਨਾਲੋਂ ਕਰੋੜ ਖਰਬ ਜ਼ਿਆਦਾ ਸੁਖ ਬ੍ਰਹਮ ਲੋਕ 'ਚ ਹੋਇਆ ਕਰਦਾ ਹੈ। ਖਰਬ, ਦਹ ਖਰਬ, ਸੌ ਖਰਬ, ਹਜ਼ਾਰ ਖਰਬ, ਦਸ ਹਜ਼ਾਰ ਖਰਬ, ਇਸ ਤਰ੍ਹਾਂ ਗਿਣਦੇ ਚਲੇ ਜਾਓ, ਸੌ ਕਰੋੜ ਤਕ। ਕਿੰਨੇ ਹੀ ਸਿਫਰੇ ਲਗ ਜਾਣਗੇ। ਐਨਾ ਸੁਖ ਉਥੇ ਹੋਇਆ ਕਰਦੈ। ਜਿਹੜਾ ਉਸ ਸੁਖ ਨੂੰ ਵੀ ਤੁੱਛ ਕਰਕੇ ਜਾਣੇ, ਕਾਂ ਦੀ ਬਿੱਠ ਵਰਗਾ ਜਾਣੇ। ਕਹਿੰਦੇ ਉਹ ਵੈਰਾਗੀ ਪੁਰਸ਼ ਹੁੰਦੈ। ਉਹਨੂੰ ਵੈਰਾਗ ਧਾਰਨ ਕਰਨਾ ਪੈਂਦਾ ਹੈ। ਸੋ ਇਹੋ ਜਿਹਾ ਤਾਂ ਹੁੰਦੈ, ਵੈਰਾਗ।

ਦੂਸਰਾ ਹੋਇਆ ਕਰਦੈ - ਵਿਚਾਰ। ਤੀਸਰੀ ਹੋਇਆ ਕਰਦੀ ਹੈ ਸਮ ਅਵਸਥਾ। ਦੁਖ ਆਵੇ, ਸੁਖ ਆਵੇ, ਹਾਣ ਹੋਵੇ, ਲਾਭ ਹੋਵੇ। ਚੌਥਾ ਹੋਇਆ ਕਰਦਾ ਹੈ - ਸਤਿਸੰਗ।

ਸੋ ਇਸ ਤਰ੍ਹਾਂ ਵੈਰਾਗ ਦੇ ਨਾਲ ਵਿਵੇਕ ਹੋਇਆ ਕਰਦੈ। ਵਿਚਾਰ ਜਿਹਨੂੰ ਕਹਿੰਦੇ ਨੇ। ਸਤਿ ਦੀ ਵਿਚਾਰ, ਅਸਤਿ ਦੀ ਵਿਚਾਰ। ਝੂਠਾ ਇਥੇ ਕੀ ਹੈ, ਸੱਚਾ ਕੀ ਹੈ, ਝੂਠੇ ਨੂੰ ਛੱਡ ਦੇਣਾ, ਜਿਵੇਂ ਹੰਸ ਦੁੱਧ ਵਿਚ ਚੁੰਝ ਮਾਰ ਕੇ, ਫੁੱਟੀਆਂ ਖਾ ਜਾਂਦੈ ਤੇ ਪਾਣੀ ਨੂੰ ਛੱਡ ਦਿੰਦੈ। ਇਸੇ ਤਰ੍ਹਾਂ ਸਾਰ ਵਸਤੂ ਇਥੇ ਵਾਹਿਗੁਰੂ ਹੈ, ਆਤਮਾ ਹੈ। ਅਸਾਰ ਵਸਤੂ ਆਹ ਪ੍ਰਕ੍ਰਿਤੀ ਹੈ ਜਿਹੜੀ ਸਾਨੂੰ ਨਜ਼ਰ ਆਉਂਦੀ ਹੈ। ਇਹਨੂੰ ਛੱਡ ਕੇ ਜਿਹੜਾ ਸਾਰ ਵਸਤੂ 'ਚ ਧਿਆਨ ਰਖਦੈ, ਆਤਮਾ 'ਚ ਧਿਆਨ ਰੱਖਦੈ, ਉਹਦੀ ਬੁੱਧੀ ਨੂੰ ਵਿਵੇਕ ਬੁੱਧੀ ਆਖਿਆ ਜਾਂਦੈ -

*ਹਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ- ੬੪੧*

ਤੀਸਰਾ ਹੋਇਆ ਕਰਦੈ ਜਿਹਨੂੰ ਤਤਿਕਸ਼ਾ ਕਹਿੰਦੇ ਨੇ। ਇਹਦੇ ਵਿਚ ਸਾਰੇ ਜੀਵਨ ਦੀ ਸਮ ਤੇ ਦਮ, ਨਾ ਮਨ ਦੇ ਨਾਲ ਕੋਈ ਗਲਤ ਕੰਮ ਕਰਨਾ। ਨਾ ਸਰੀਰ ਦੇ ਨਾਲ ਕੋਈ ਗਲਤ ਕੰਮ ਕਰਨਾ। ਸਾਰੇ ਜਿੰਨੇ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਲਿਖੇ ਨੇ, ਸਾਰੇ ਧਾਰਨ ਕਰਨੇ। ਦਇਆ ਹੈ, ਧੀਰਜ ਹੈ, ਖਿਮਾ ਹੈ, ਸਤਿ ਹੈ, ਬ੍ਰਹਮਚਰੀਆ ਹੈ, ਸੰਤੋਖ ਹੈ, ਸਮਤਾ ਹੈ, ਮਿੱਠਾ ਬੋਲ ਹੈ, ਦਾਨ ਹੈ, ਤਪ ਹੈ, ਸੇਵਾ ਹੈ। ਬੇਅੰਤ ਚੀਜ਼ਾਂ ਨੇ ਸ਼ੀਲ ਹੈ, ਸੌਚ ਹੈ। ਇਹਦੇ ਵਿਪਰੀਤ ਜਿੰਨੀਆਂ ਚੀਜ਼ਾਂ ਦੂਸਰੀਆਂ ਨੇ, ਉਹਨਾਂ ਸਾਰੀਆਂ ਦਾ ਤਿਆਗ ਕਰਨਾ।

*ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ।*
*ਛਠੀ ਤਿਤੀਕਸ਼ਾ ਜਾਇਨੇਂ ਭਿੰਨ ਭਿੰਨ ਯਹ ਨਾਮ।*
*ਵਿਚਾਰ ਸਾਗਰ, ਪੰਨਾ - ੫*

ਚੌਥੀ ਹੋਇਆ ਕਰਦੀ ਮੋਖਸ਼ ਦੀ ਦ੍ਰਿੜ੍ਹ ਇੱਛਾ ਕਿ ਮੈਂ ਇਸੇ ਜਨਮ 'ਚ ਪ੍ਰਾਪਤੀ ਕਰਨੀ ਹੈ। ਬਾਕੀ ਮੈਂ ਕਿਸੇ ਕੰਮ ਨੂੰ ਤਰਜੀਹ ਨਹੀਂ ਦੇਣੀ। ਨਾ ਸਰੀਰਕ ਸੰਭਾਲ ਦੀ, ਨਾ ਪਰਿਵਾਰਕ ਸੰਭਾਲ ਦੀ। ਪਰਿਵਾਰ ਨੂੰ ਤਾਂ ਵਾਹਿਗੁਰੂ ਸੰਭਾਲਦੈ। ਸਰੀਰ ਵੀ ਉਹਦਾ ਲਿਖਿਆ ਹੋਇਆ ਹੀ ਹੈ, ਜਿਹੋ ਜਿਹਾ ਮਿਲਣੈ। ਆਦਮੀ ਵਿਗਾੜਦਾ ਉਸ ਵੇਲੇ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ- ੧੨੫੬*

ਸੋ ਦ੍ਰਿੜ੍ਹ ਵਿਸ਼ਵਾਸ਼ ਹੋਵੇ ਕਿ ਇਸੇ ਜਨਮ 'ਚ ਮੈਂ ਕਰਕੇ ਹਟਣਾ ਹੈ, ਪਹੁੰਚ ਕੇ ਹਟਣਾ ਹੈ। ਫੇਰ ਜੇ ਉਹਦੇ ਅੰਦਰ ਇਹ ਗੁਣ 100% ਪੱਕ ਜਾਣ, ਫੇਰ ਸੁਣਨ ਦੀ ਅਵਸਥਾ ਆਉਂਦੀ ਹੈ -

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥* *ਅੰਗ- ੨*

ਸੋ ਜਦੋਂ 100% ਦ੍ਰਿੜ੍ਹ ਹੋ ਕੇ ਸੁਣ ਲਿਆ - ***'ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥'*** ਫੇਰ ਕੀ ਹੋਏਗਾ? ਮੰਨਣ ਦੀ ਅਵਸਥਾ ਰਹਿ ਜਾਏਗੀ। ਫੇਰ ਮੰਨ ਲਏਗਾ। ਜਿਹੜਾ ਮੰਨ ਗਿਆ, ਮਹਾਰਾਜ ਕਹਿੰਦੇ, ਫੇਰ ਉਹਦੀ ਗੱਲ ਕਰੋ ਹੀ ਨਾ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* *ਅੰਗ - ੩*

ਇਥੇ ਤਕ ਤਾਂ ਅਸੀਂ ਪਹੁੰਚ ਗਏ। ਇਸ ਤੋਂ ਬਾਅਦ ਅੱਗੇ ਹੁੰਦੈ - ਸਾਧਨ। ਜਿਹਨੂੰ exercise ਕਹਿੰਦੇ ਨੇ। ਮਾਨਸਿਕ exercise, ਉਹਦੇ ਵਿਚ ਸਤਿਸੰਗ ਆਉਂਦੀ ਹੈ, ਸੇਵਾ ਆਉਂਦੀ ਹੈ, ਗੁਰੂਆਂ ਦੇ ਬਚਨਾਂ ਉਤੇ ਚੱਲਣਾ, ਮਨ ਮਤਿ ਦਾ ਤਿਆਗ ਕਰਨਾ, ਗੁਰਮਤਿ ਦਾ ਧਾਰਨ ਕਰਨਾ ਤੇ ਫੇਰ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਉਸ ਤਰ੍ਹਾਂ ਦੇ ਨਾਲ ਸਿਮਰਨ ਕਰਨਾ। ਅੰਦਰ ਦਾਖਲ ਹੋਣਾ ਤੇ ਹੌਲੀ-ਹੌਲੀ ਅੰਦਰੋਂ ਤਾਕਤ, ਐਨਰਜੀ ਪੈਦਾ ਹੋਣੀ ਤੇ ਉਹਦੇ ਨਾਲ ਸਾਡੇ 'ਚ ਦ੍ਰਿੜ੍ਹ ਵਿਸਵਾਸ਼ ਬਣਦਾ ਜਾਣਾ। ਅਖੀਰ ਜਾ ਕੇ ਉਹ ਚੀਜ਼, ਜਿਹੜੀ ਹੁਣ ਕਹੀ ਜਾਂਦੀ ਹੈ ਉਹ ਪ੍ਰਤੱਖ ਹੋ ਜਾਇਆ ਕਰਦੀ ਹੈ। ਫੇਰ ਉਹਨੂੰ ਮੰਨਦੈ। ਨਹੀਂ ਤਾਂ ਮੰਨੀ ਨਹੀਂ ਜਾਂਦੀ। ਜੇ ਤਾਂ ਕੋਈ ਹੁਣੇ ਹੀ ਮੰਨ ਲਵੇ ਫੇਰ ਤਾਂ ਲੋੜ ਹੀ ਨਹੀਂ ਕਾਸੇ ਦੀ। ਸਾਰੇ ਹੀ ਉੱਠ ਕੇ ਚਾਹੇ ਉਹਦੇ ਚਰਨੀਂ ਹੱਥ ਲਾ ਦਿਓ। ਐਨੀਓ ਗੱਲ ਸਾਡੇ ਤੋਂ ਮੰਨ ਨਹੀਂ ਹੁੰਦੀ।

ਸੋ ਇਹਦੇ ਵਾਸਤੇ ਪਹਿਲਾਂ ਵੈਰਾਗ ਦੀ ਲੋੜ ਹੈ, ਸਾਧਸੰਗਤ ਜੀ।

ਇਕ ਗੁਰਸਿੱਖ ਅਜੇ ਸਿੱਖੀ ਦੇ ਮੰਡਲ ਵਿਚ ਨਹੀਂ ਆਇਆ। ਲੇਕਿਨ ਸਾਧੂਆਂ ਸੰਤਾਂ ਦੀ ਸੰਗਤ ਜ਼ਰੂਰ ਕਰਦੈ। ਜਿਥੇ ਵੀ ਕਿਸੇ ਮਹਾਂਪੁਰਸ਼ ਦਾ ਆਉਣਾ ਸੁਣਦੈ। ਹਿੰਮਤ ਕਰਕੇ, ਸਾਰੇ ਕੰਮਾਂ ਦਾ ਪਰੀਤਆਗ ਕਰਕੇ, ਉਥੇ ਜਾਂਦੈ ਤੇ ਸਤਿਸੰਗ ਕਰਦੈ-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ- ੭੨*

ਜਿਥੇ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੋਵੇ, ਉਹਨੂੰ ਸਤਿਸੰਗ ਆਖਿਆ ਜਾਂਦਾ ਹੈ। ਸੋ ਉਹਦੇ ਵਿਚ ਮਹਾਤਮਾ ਦੇ ਬਹੁਤ ਸਾਰੇ ਬਚਨ ਸੁਣਦੈ ਤੇ ਮਨ ਦੇ ਅੰਦਰ ਕੁਛ ਥੋੜ੍ਹਾ-ਥੋੜ੍ਹਾ ਸ਼ੌਂਕ ਜਾਗਦਾ ਜਾਂਦੈ ਪਰ ਅਜੇ ਦੁਨੀਆਂਦਾਰੀ ਦੇ ਅੰਦਰ ਮਨ ਐਸਾ ਖਚਿਤ ਹੋਇਆ-ਹੋਇਆ ਹੈ ਕਿ ਦੁਨੀਆਂਦਾਰੀ ਨੂੰ ਛੱਡਣ ਨੂੰ ਤਿਆਰ ਨਹੀਂ। ਵੈਰਾਗ ਨਹੀਂ ਅਜੇ ਪੈਦਾ ਹੋਇਆ ਤੇ ਇਕ ਮਹਾਤਮਾ ਦੀ ਸੰਗਤ ਕੀਤੀ, ਉਥੇ ਇਸ ਤਰ੍ਹਾਂ ਦੇ ਬਚਨ ਸਰਵਣ ਕਰੇ -

*ਧਾਰਨਾ - ਦਿਨ ਥੋੜ੍ਹੇ ਰਹਿ ਗਏ,*
*ਭਇਆ ਪੁਰਾਣਾ ਚੋਲਾ ਜੀ।*

ਬਚਨ ਸੁਣੇ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥ ਅੰਗ - ੧੪੨੮*

ਕਹਿੰਦੇ, ਹੁਣ ਕਿੱਥੇ ਤੀਸਰੀ ਅਵਸਥਾ ਆ ਗਈ। ਪਹਿਲੀਆਂ ਅਵਸਥਾਵਾਂ ਦਾ ਵੀ ਕੋਈ ਇਤਬਾਰ ਨਹੀਂ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ- ੨੫੪*

ਵੇਲਾ ਨਾ ਬੁਝ ਪ੍ਰੇਮੀਆ ਕਿਉਂਕਿ ਕੋਈ ਵੇਲਾ ਹੈ ਨਹੀਂ -

*ਧਾਰਨਾ - ਪੈ ਜੂ ਅਚਿੰਤਾ ਜਾਲ, ਇਕ ਦਿਨ ਪੈ ਜਾਣਾ।*

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ ਅੰਗ- ੫੫*
*ਧਾਰਨਾ - ਕਾਹਤੋਂ ਸੱਚ ਜਾਣਿਆ,*
*ਜਗ 'ਤੇ ਜਿਉਣਾ ਪਿਆਰੇ।*

ਮਹਾਰਾਜ ਕਹਿੰਦੇ -

*ਕਿਆ ਤੂ ਸੋਇਆ ਜਾਗੁ ਇਆਨਾ ॥*
*ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ਅੰਗ - ੭੯੪*

ਐਨਾ ਸੁੱਤਾ ਪਿਆ ਹੈਂ ਨਿਆਣਾ ਬਣ ਕੇ, ਤੂੰ ਜੀਵਨ ਨੂੰ ਸੱਚ ਕਰਕੇ ਮੰਨ ਲਿਆ? ਇਥੇ ਕੋਈ ਚੀਜ਼ ਰਿਹਾ ਨਹੀਂ ਕਰਦੀ -

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*
*ਅੰਗ- ੨੩*
*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,*
*ਖਿੜੀਆਂ ਨਾ ਸਦਾ ਰਹਿੰਦੀਆਂ।*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ੧ ॥ ਰਹਾਉ ॥*
*ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥*
*ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ੨ ॥*
*ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥*
*ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥ ੩ ॥*
*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥*
*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥ ੪ ॥ ੨੪ ॥*
*ਅੰਗ - ੨੩*
*ਧਾਰਨਾ - ਛੱਡ ਜਾਵੇਂਗਾ, ਇਹ ਦੁਨੀਆਂ ਰੰਗੀਲੀ।*

*ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥*
*ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥*
*ਅੰਗ - ੧੩੮੨*
*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸੋ ਐਸੇ ਵੈਰਾਗਮਈ ਉਪਦੇਸ਼ ਸੁਣੇ -

*ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥*
*ਤਿਹ ਰਾਵਨ ਘਰ ਖਬਰਿ ਨ ਪਾਈ ॥ ੧ ॥*
*ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥*
*ਦੇਖਤ ਨੈਨ ਚਲਿਓ ਜਗੁ ਜਾਈ ॥ ੧ ॥ ਰਹਾਉ ॥*
*ਇਕੁ ਲਖੁ ਪੂਤ ਸਵਾ ਲਖੁ ਨਾਤੀ ॥*
*ਤਿਹ ਰਾਵਨ ਘਰ ਦੀਆ ਨ ਬਾਤੀ ॥ ੨ ॥*
*ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥*
*ਬੈਸੰਤਰੁ ਜਾ ਕੇ ਕਪਰੇ ਧੋਈ ॥ ਅੰਗ - ੪੮੧*

ਸੋ ਐਸੇ ਉਪਦੇਸ਼ ਸੁਣ ਕੇ ਮਨ ਦੇ ਅੰਦਰ ਵਿਚਾਰ ਕੀਤੀ ਕਿ ਇਹ ਸੰਸਾਰ ਰਹਿਣ ਦਾ ਥਾਂ ਤਾਂ ਹੈ ਨਹੀਂ। ਫੇਰ ਸਾਡਾ ਇਸ ਸੰਸਾਰ 'ਤੇ ਆਉਣ ਦਾ ਕੀ ਮਤਲਬ ਹੈ? ਇਹ ਵੀ ਮਹਾਂਪੁਰਸ਼ਾਂ ਤੋਂ ਸੁਣਿਆ ਹੈ ਕਿ ਜਦੋਂ ਇਹ ਸਰੀਰ ਤੈਨੂੰ ਮਿਲਿਆ ਸੀ ਉਸ ਵੇਲੇ ਵੀ ਤੂੰ ਸੀਗਾ, ਥੋੜ੍ਹੀ ਦੇਰ ਵਾਸਤੇ ਛਿਨਭੰਗਰ ਸਰੀਰ ਮਿਲਿਆ ਹੈ, ਕਿਸੇ ਨੂੰ ਕਾਲਾ ਮਿਲਿਆ ਹੈ, ਕਿਸੇ ਨੂੰ ਗੋਰਾ ਮਿਲਿਆ ਹੈ। ਕਿਸੇ ਨੂੰ ਤੰਦਰੁਸਤ ਮਿਲਿਆ ਹੈ, ਕਿਸੇ ਨੂੰ ਬਿਮਾਰ ਮਿਲਿਆ ਹੈ, ਕਿਸੇ ਨੂੰ ਭਾਰਾ ਮਿਲਿਐ, ਕਿਸੇ ਨੂੰ ਹੌਲਾ ਮਿਲਿਆ ਹੈ। ਕਿਸੇ ਦਾ ਜਨਮ ਗਰੀਬ ਘਰ ਵਿਚ ਹੋਇਆ ਹੈ, ਕਿਸੇ ਦਾ ਅਮੀਰ ਘਰ ਵਿਚ ਹੋਇਆ ਹੈ। ਇਹ ਤਾਂ ਇਕ ਤਮਾਸ਼ਾ ਜਿਹਾ ਹੋ ਰਿਹਾ ਹੈ ਸਾਰੇ। ਸਾਡਾ ਤਾਂ ਇਹਦੇ ਨਾਲ ਸਬੰਧ ਕੋਈ ਨਹੀਂ ਹੈ। ਇਹ ਮੂਰਖਪੁਣਾ ਹੈ ਜੇ ਸਬੰਧ ਜੋੜੀਏ। ਪਹਿਲਾਂ ਕਿੱਥੇ ਸੀ ਮੈਂ ਤੇ ਜਦੋਂ ਮੈਂ ਸਰੀਰ ਛੱਡ ਜਾਣੈ, ਫੇਰ ਮੈਂ ਕਿੱਥੇ ਚਲਿਆ ਜਾਣਾ ਹੈ, ਸੋ ਇਹਦੀ ਵਿਚਾਰ ਵਾਸਤੇ ਮਨ ਕੁਛ ਉਤਾਵਲਾ ਹੋ ਗਿਆ। ਉਸ ਵੇਲੇ ਫੇਰ ਮਹਾਂਪੁਰਸ਼ਾਂ ਦੀ ਅਵਾਜ਼ ਇਸ ਤਰ੍ਹਾਂ ਨਾਲ ਆਈ-

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।*
*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*

*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯*

ਧਿਆਨ ਦੇ ਨਾਲ ਇਸ ਗੱਲ ਦੇ ਨਤੀਜੇ ਤਕ ਪਹੁੰਚ ਗਿਆ ਕਿ - ***'ਗੁਰ ਸੇਵਾ ਤੇ ਭਗਤਿ ਕਮਾਈ ॥'*** ਗੁਰੂ ਦੀ ਸੇਵਾ ਕਰਨ ਵਾਸਤੇ ਤੇ ਫੇਰ ਗੁਰੂ ਤੋਂ ਭਗਤੀ ਦੀ ਜਾਚ ਸਿੱਖ ਕੇ ਉਹਦੀ ਕਮਾਈ ਵਾਸਤੇ - ***'ਤਬ ਇਹ ਮਾਨਸ ਦੇਹੀ ਪਾਈ ॥'*** ਇਹ ਐਨੀ ਕੀਮਤੀ ਹੈ - '***ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥'*** ਇਹਨੂੰ ਤਾਂ ਦੇਵਤੇ ਸਵਰਗਾਂ 'ਚ ਬੈਠੇ ਹੋਏ ਲੋਚਦੇ ਨੇ। ਗਿਆਰ੍ਹਾਂ ਸਵਰਗ ਨੇ - ਗੰਧਰਬ ਲੋਕ ਹੈ, ਦੇਵ ਗੰਧਰਬ ਲੋਕ ਹੈ, ਪਿੱਤਰ ਲੋਕ ਹੈ, ਸਵਰਗ ਲੋਕ ਹੈ, ਇੰਦਰ ਲੋਕ ਹੈ, ਕਰਮ ਦੇਵ ਲੋਕ ਹੈ, ਅਜਾਨ ਦੇਵ ਲੋਕ ਹੈ, ਪਰਜਾਪਤ ਲੋਕ ਹੈ, ਬ੍ਰਹਮ ਲੋਕ ਹੈ, ਸ਼ਿਵ ਲੋਕ ਹੈ, ਬੈਕੁੰਠ ਧਾਮ ਹੈ। ਐਡੇ ਉੱਚੇ ਸਵਰਗਾਂ ਤਕ ਗਏ ਹੋਏ ਦੇਵਤੇ ਫੇਰ ਇਸ ਦੇਹੀ ਨੂੰ ਲੋਚਦੇ ਨੇ।

ਮਹਾਂਪੁਰਸ਼ਾਂ ਨੇ ਸਮਝਾਇਆ ਕਿ ਇਸ ਕਰਕੇ ਲੋਚਦੇ ਨੇ। 83 ਲੱਖ 99 ਹਜ਼ਾਰ 999 ਜੂਨੀਆਂ ਭੋਗ ਜੂਨੀਆਂ ਨੇ। ਇਹਨਾਂ ਨੂੰ ਕਿਸੇ ਨੂੰ ਕੋਈ ਪਾਪ ਨਹੀਂ ਲਗਦਾ। ਪੁੰਨ ਲਗ ਜਾਂਦੇ ਨੇ।ਇਹ ਰਿਆਇਤ ਹੈਗੀ।

ਜੇ ਗੁਰੂ ਦਸ਼ਮੇਸ਼ ਪਿਤਾ ਦਲ-ਸ਼ਿੰਗਾਰ ਘੋੜੇ 'ਤੇ ਚੜ੍ਹੇ ਨੇ ਤਾਂ ਉਹਦੀ ਮੁਕਤੀ ਨਾਲ ਹੀ ਹੋ ਗਈ, ਜਿਸ ਬਾਜ਼ ਨੂੰ ਆਪ ਨੇ ਆਪਣੇ ਦਸਤ-ਏ-ਮੁਬਾਰਕ ਦੇ ਉਤੇ ਰੱਖਿਆ ਉਹਦੀ ਮੁਕਤੀ ਹੋ ਗਈ। ਇਹ ਗੁਰੂ ਦੀ ਮਿਹਰ ਹੈ, ਦ੍ਰਿਸ਼ਟੀ ਹੈ। ਇਹ ਫਲ ਹੋਇਆ ਕਰਦਾ ਹੈ ਲੇਕਿਨ ਬਾਕੀ ਜਿੰਨੀਆਂ ਜੂਨੀਆਂ ਨੇ, ਇਹਨਾਂ ਕੋਲ ਭੋਗ ਦੀ ਸਮਝ (Sense) ਤਾਂ ਹੈਗੀ, ਲੇਕਿਨ ਇਹ ਰੱਬ ਤਕ ਨਹੀਂ ਪਹੁੰਚ ਸਕਦੀਆਂ-

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ - ੭*

ਤਾਕਤ ਐਨੀ ਹੈ -

*ਕੋਟਿ ਬਿਸਨ ਕੀਨੇ ਅਵਤਾਰ ॥*
*ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥*
*ਕੋਟਿ ਮਹੇਸ ਉਪਾਇ ਸਮਾਏ ॥*
*ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥ ਅੰਗ - ੧੧੫੬*

ਇਕ-ਇਕ ਨਹੀਂ ਬ੍ਰਹਮਾ, ਕਰੋੜਾਂ-ਕਰੋੜਾਂ ਬ੍ਰਹਮਾ। ਇਹਦਾ ਮਤਲਬ ਹੁੰਦੈ, ਬੇਅੰਤ। ਲੇਕਿਨ ਕਹਿੰਦੇ, ਪ੍ਰਮੇਸ਼ਰ ਨਹੀਂ ਉਹਨਾਂ ਨੂੰ ਦਿਸਦਾ। ਸਾਰੀ ਰਚਨਾ ਦੇ ਵਿਚ ਸਭ ਤੋਂ ਉੱਤਮ ਫਲ ਜੋ ਹੈ -

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਅੰਗ - ੨੨੪*

ਸੰਸਾਰ ਦੀ ਰਚਨਾ ਕਿਉਂ ਕੀਤੀ? ਬਹੁਤ ਸਾਰੇ ਪੁੱਛਦੇ ਨੇ। ਉਹਨਾਂ ਨੇ ਸੰਤ ਦੇ ਪਿਆਰ ਵਿਚ ਆ ਕੇ ਰਚਨਾ ਕੀਤੀ ਕਿਉਂਕਿ ਇਕ ਤੋਂ ਦੋ ਹੋ ਕੇ, ਦੋਹੀਂ ਪਾਸੀਂ ਆਪਣੇ ਆਪ ਨੂੰ ਦੇਖਣਾ ਚਾਹੁੰਦਾ ਸੀ।

ਸੋ ਇਹ ਸੋਝੀ ਕੇਵਲ ਮਨੁੱਖ ਨੂੰ ਦਿਤੀ ਹੈ ਪਰ ਮਨੁੱਖ ਦੇ ਅੰਦਰ ਕਿਵਾੜ ਬੰਦ ਹੋਏ-ਹੋਏ ਨੇ। ਬੜੀ ਦੇਰ ਹੋ ਗਈ ਇਹਨੂੰ ਘੁੰਮਦੇ-ਘੁੰਮਦੇ। ਇਕ ਤਾਲਾ ਲਾ ਦਿਤਾ ਸੀ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥ ਅੰਗ- ੨੦੫*

ਸਮਰੱਥ ਗੁਰੂ ਨੂੰ ਕੁੰਜੀ ਸੌਂਪ ਦਿਤੀ -

*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ- ੨੦੫*

ਜਿੰਨਾਂ ਚਿਰ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਓਨਾਂ ਚਿਰ ਇਹ ਤਾਲਾ ਨਹੀਂ ਖੁਲ੍ਹ ਸਕਿਆ ਕਰਦਾ। ਇਸ ਤਾਲੇ ਲੱਗੇ ਨੂੰ ਐਨੀ ਦੇਰ ਹੋ ਗਈ ਕਿ ਇਹਦਾ ਹੁਲੀਆ ਹੀ ਬਦਲ ਗਿਆ -

*ਧਾਰਨਾ - ਤੇਰੇ ਖੁਲ੍ਹਣੇ ਨਹੀਂ ਜੰਗਾਲੇ ਜਿੰਦਰੇ,*
*ਬਿਨਾਂ ਗੁਰ ਪੂਰਿਆਂ ਤੋਂ।*
*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ- ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- ੯੪੭*

ਸਰੀਰ ਰੂਪੀ ਕਿਲ੍ਹਾ, ਜਿਹਦੇ ਵਿਚ ਆਪਾਂ ਵਸਦੇ

ਹਾਂ। ਇਹ ਨਉ ਦਰਵਾਜ਼ਿਆਂ ਵਾਲਾ ਕਿਲ੍ਹਾ ਹੈ - ***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਦੋਂ ਤਕ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਓਨੀਂ ਦੇਰ ਤਕ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ- ੧੨੪*

ਚਾਬੀ ਨਹੀਂ ਮਿਲਦੀ, ਹਨ੍ਹੇਰਾ ਰਹਿੰਦੈ। ਗੁਰੂ ਦਾ ਸ਼ਬਦ ਮਿਲੇ ਤਾਂ ਇਹ ਖੁਲ੍ਹ ਜਾਂਦਾ ਹੈ, ਜਦੋਂ ਖੁਲ੍ਹਿਆ - ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥' ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ '***

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥* *ਅੰਗ- ੧੨੩੭*

ਸਮਝ ਆ ਗਈ ਕਿ ਕੋਈ ਪੂਰਾ ਗੁਰੂ ਹੋਵੇ ਤਾਂ ਅੰਦਰ ਵਸਦੇ ਵਾਹਿਗੁਰੂ ਦੇ ਦਰਸ਼ਨ ਕਰਾ ਦਿੰਦੈ। ਜਦੋਂ ਸਾਂਗੋ-ਪਾਂਗ ਦਰਸ਼ਨ ਹੋ ਜਾਣਗੇ, ਜਿਵੇਂ ਤੁਸੀਂ ਮੈਨੂੰ ਦੇਖਦੇ ਹੋ, ਮੈਂ ਤੁਹਾਨੂੰ ਦੇਖਦਾ ਹਾਂ, ਫੇਰ ਇਹ ਗੱਲ ਸਮਝ ਵਿਚ ਆ ਜਾਏਗੀ - "ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥' ਨਹੀਂ ਤਾਂ ਨਹੀਂ ਸਮਝ ਪੈਂਦੀ। Intellectually ਸਮਝ ਤਾਂ ਪੈ ਜਾਏਗੀ, ਹੋਰ ਇਹਦੀ Implication ਸਮਝ 'ਚ ਆ ਜਾਏਗੀ ਲੇਕਿਨ ਵਿਸਵਾਸ਼ ਦੇ ਘਰ ਵਿਚ ਇਹ ਬਾਤ ਨਹੀਂ ਜਾਏਗੀ।

ਸੋ ਸੱਟ ਖਾ ਗਿਆ ਪ੍ਰੇਮੀ। ਨਾਉਂ ਭਾਈ ਧਿੰਗਾ ਸੀ। ਸੰਸਕਾਰ ਪਿਛਲੇ ਬਹੁਤ ਪ੍ਰਬਲ ਸੀ ਕਿਉਂਕਿ ਬਿਨਾਂ ਸੰਸਕਾਰਾਂ ਤੋਂ ਸਤਿਸੰਗ 'ਚ ਨਹੀਂ ਬੰਦਾ ਜਾਇਆ ਕਰਦਾ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥* *ਅੰਗ- ੯੫*

ਹੌਲੀ-ਹੌਲੀ ਖਿਆਲਾਂ ਦੀ ਮੈਲ ਐਨੀ ਪੈ ਜਾਂਦੀ ਹੈ ਕਿ ਅੰਦਰ ਜੋ ਨਾਮ ਦਾ ਰਸ ਹੈ, ਉਹ ਸਾਰਾ ਹੀ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਅੰਦਰ ਜੋ ਗਿਆਨ ਹੈ ਉਹਦੀ ਕਿਰਨ ਜੋ ਅੰਦਰ ਲਿਸ਼ਕ ਰਹੀ ਹੈ, ਉਹ ਬੁਝਣੀ ਸ਼ੁਰੂ ਹੋ ਜਾਂਦੀ ਹੈ। ਅਖੀਰ ਹਨ੍ਹੇਰ ਘੁੱਪ ਹੋ ਕੇ ਆਪਣੇ ਹੀ ਬੇਗਾਨੇ ਲਗਣ ਲੱਗ ਜਾਇਆ ਕਰਦੇ ਨੇ। ਸੋ ਜਦੋਂ ਅੱਛੇ ਭਾਗ ਹੋਣ, ਉਸ ਵੇਲੇ ਮਨ ਵਿਚ ਵੈਰਾਗ ਪੈਦਾ ਹੋਇਆ ਕਰਦੈ ਨਹੀਂ ਤਾਂ ਹੋਇਆ ਨਹੀਂ ਕਰਦਾ। ਨਹੀਂ ਤਾਂ ਮਾਇਆ ਐਨੀ ਨਾਲ ਲੱਗੀ ਹੋਈ ਹੈ ਕਿ ਇਕ ਸਕਿੰਟ ਦਾ ਵਿਹਲ ਨਹੀਂ ਦਿੰਦੀ। ਉਸ ਦੇ ਮਨ ਵਿਚ ਵੈਰਾਗ ਹੋ ਗਿਆ ਤੇ ਨਾਲ ਵੈਰਾਗ ਵੀ ਇਹ ਹੋਇਆ ਕਿ ਵਾਹਿਗੁਰੂ ਮੇਰੇ ਅੰਦਰ ਵੀ ਰਹਿੰਦੈ, ਬਾਹਰ ਵੀ ਰਹਿੰਦੈ ਤੇ ਬਿਲਕੁਲ ਨਾਲ ਲਗਦਾ ਰਹਿੰਦਾ ਹੈ, ਦੂਰ ਨਹੀਂ ਹੈ-

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ - ੧੨੬੩*

ਤੇ ਮੈਂ ਦਰਸ਼ਨ ਕਿਵੇਂ ਪਾਵਾਂ? ਸੋ ਮਨ ਦੇ ਅੰਦਰ ਵੈਰਾਗ ਹੋ ਗਿਆ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮਨ ਵੈਰਾਗ ਪਿਆ, ਦਰਸ਼ਨ ਦੇਖਣੇ ਕਾ ਚਾਉ।*
*ਮੇਰੈ ਮਨਿ ਬੈਰਾਗੁ ਭਇਆ ਜੀਉ*
*ਕਿਉ ਦੇਖਾ ਪ੍ਰਭ ਦਾਤੇ ॥*
*ਮੇਰੇ ਮੀਤ ਸਖਾ ਹਰਿ ਜੀਉ*
*ਗੁਰ ਪੁਰਖ ਬਿਧਾਤੇ ॥* *ਅੰਗ - ੨੪੭*

ਬੇਨਤੀਆਂ ਕਰਦੈ ਕਿ ਪਾਤਸ਼ਾਹ! ਕੋਈ ਹੈ ਬਿਧ ਜਿਹਦੇ ਨਾਲ ਮੈਨੂੰ ਤੇਰੇ ਦਰਸ਼ਨ ਹੋ ਜਾਣ? ਇਹ ਗੱਲ ਮੈਂ 100% ਗੱਲ ਮੰਨ ਲਈ ਕਿ ਤੂੰ ਮੇਰੇ ਅੰਦਰ ਹੈਂ ਪਰ ਅੰਦਰ ਦਾ ਜੋ ਅੱਖਾਂ ਵਾਲਾ ਦਰਵਾਜ਼ਾ ਹੈ, ਕੰਨਾਂ ਵਾਲਾ ਦਰਵਾਜ਼ਾ ਹੈ, ਮੂੰਹ ਵਾਲਾ ਦਰਵਾਜ਼ਾ ਹੈ, ਨਾਸਿਕਾ ਵਾਲਾ, ਮਲਮੂਤਰ ਵਾਲੇ ਦਰਵਾਜ਼ੇ ਨੇ, ਇਹਨਾਂ ਵਿਚੀਂ ਤੇਰੇ ਦਰਸ਼ਨ ਨਹੀਂ ਹੁੰਦੇ। ਤੇਰੇ ਦਰਸ਼ਨ ਕਰਨ ਵਾਸਤੇ ਕੋਈ ਅੰਦਰ ਗੁਪਤ ਦਰਵਾਜ਼ਾ ਹੈ ਤੇ ਜਿਸ ਦੀ ਕੁੰਜੀ ਪੂਰੇ ਸਮਰੱਥ ਗੁਰੂ ਦੇ ਕੋਲ ਹੈ। ਅਰਦਾਸਾਂ ਕਰਦੈ, ਬੇਨਤੀਆਂ ਕਰਦੈ, ਮਨ ਵਿਚ ਵੈਰਾਗ ਹੋ ਗਿਆ।

ਤਿੰਨ ਕਿਸਮ ਦਾ ਵੈਰਾਗ ਹੁੰਦੈ - ਤੀਬਰ ਵੈਰਾਗ, ਤੀਬਰ-ਤਰ ਵੈਰਾਗ, ਤੀਬਰ-ਤਰ-ਤਮ ਵੈਰਾਗ। ਆਖਰੀ ਜੋ ਵੈਰਾਗ ਹੁੰਦੈ ਇਹਨੂੰ ਸ਼ੇਰ ਵੈਰਾਗ ਕਹਿੰਦੇ ਨੇ। ਇਹ ਵੈਰਾਗ ਹੋਇਆ ਸੀ ਧਰੂ ਨੂੰ। ਮਾਂ ਨੇ ਰੋਕਿਆ, ਨਹੀਂ ਰੁਕਿਆ। ਬਾਬੇ ਫਰੀਦ ਨੂੰ ਵੈਰਾਗ ਕਰਾਇਆ, ਮਾਂ ਨੇ ਕਰਾਇਆ। ਗੋਪੀ ਚੰਦ ਨੂੰ ਵੈਰਾਗ ਹੋਇਆ। ਭਰਥਰੀ ਨੂੰ ਵੈਰਾਗ ਹੋਇਆ। ਕੁਝ ਕਾਰਨ ਵੈਰਾਗ ਹੋਏ, ਕੁਛ ਪ੍ਰਮੇਸ਼ਰ ਦੇ ਦਰਸ਼ਨਾਂ ਵਾਸਤੇ ਵੈਰਾਗ ਹੋਏ। ਜਦੋਂ ਤਕ ਆਦਮੀ ਵੈਰਾਗ ਵਿਚ ਨਹੀਂ ਆਉਂਦਾ, ਵਿਵੇਕ ਦੀ ਮੰਜ਼ਿਲ 'ਤੇ ਨਹੀਂ ਚੜ੍ਹ ਸਕਿਆ ਕਰਦਾ। Detachment

ਕਰਨੀ ਪੈਂਦੀ ਹੈ, ਸਾਰੀਆਂ ਚੀਜ਼ਾਂ 'ਚੋਂ ਇੰਦਰੀਆਂ (senses) ਨੂੰ ਖਿੱਚ ਕੇ ਇਕ ਮਹਿਮਾਨ ਦੀ ਤਰ੍ਹਾਂ ਰਹਿੰਦਾ ਹੈ ਵੈਰਾਗੀ। ਚਾਹੇ ਗ੍ਰਹਿਸਤ 'ਚ ਰਹਿੰਦੈ, ਚਾਹੇ ਬਾਹਰ ਰਹਿੰਦੈ।

ਸੋ ਐਸਾ ਵੈਰਾਗ ਹੋ ਕੇ ਹਰ ਵਕਤ ਹਿਰਦੇ ਦੇ ਅੰਦਰ ਖਿੱਚ ਪਈ ਰਹਿੰਦੀ ਹੈ, ਪੁੱਛਦਾ ਰਹਿੰਦਾ ਹੈ ਕਿ ਕੋਈ ਹੈ ਐਸਾ, ਜੋ ਕੋਈ ਅੰਦਰਲਾ ਰਸਤਾ ਦਸ ਦੇਵੇ? ਅੰਦਰਲੀ ਸੋਝੀ ਦੇ ਦੇਵੇ? ਕਿਉਂਕਿ ਬਾਹਰਲਾ ਰਸਤਾ ਤਾਂ ਆਦਮੀ ਤੁਰ ਫਿਰ ਕੇ ਟੋਲ੍ਹ ਹੀ ਲਏਗਾ। ਜਿਹੜੇ ਅੰਦਰਲੇ ਰਸਤੇ ਦਾ ਪਤਾ ਹੀ ਨਹੀਂ, ਉਹਨੂੰ ਟੋਲ੍ਹਣਾ ਮੁਸ਼ਕਲ ਹੈ ਜਦੋਂ ਤਕ ਕੋਈ ਦੱਸਣ ਵਾਲਾ ਨਾ ਹੋਵੇ। ਦੱਸਣ ਵਾਲਾ ਪੂਰਾ ਲੱਭਦਾ ਨਹੀਂ। ਦੱਸ ਓਹੀ ਸਕਦੈ, ਜਿਹਨੇ ਆਪ ਦੇਖਿਆ ਹੈ –

*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥* *ਅੰਗ– ੨੯੩*

ਜਿਹਨੇ ਆਪ ਦੇਖਿਆ ਹੈ ਉਹ ਦਿਖਾ ਸਕਦਾ ਹੈ, ਉਹਨੂੰ ਸੋਝੀ ਪਾ ਸਕਦੈ।

ਸੋ ਇਤਿਹਾਸ ਦੇ ਅੰਦਰ ਇਸ ਤਰ੍ਹਾਂ ਜ਼ਿਕਰ ਆਉਂਦੈ ਕਿ –

*ਇਕ ਨਾਈ ਪਿੰਙਾ ਚਲਿ ਆਯੋ।*
*ਸ੍ਰੀ ਅੰਗਦ ਪਗ ਸੀਸ ਨਿਵਾਯੋ।*
*ਬੈਠਿ ਗਯੋ ਢਿਗ ਸਿਖ ਗਨ ਹੇਰੇ।*
*ਕਹਹਿੰ ਪਰਸਪਰ ਸੇਵ ਘਨੇਰੇ।* *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਕੋਲ ਬਹਿ ਗਿਆ ਤੇ ਸਿੱਖਾਂ ਦੇ ਦਰਸ਼ਨ ਕਰੇ। ਉਹ ਸੇਵਾ ਕਰ ਰਹੇ ਨੇ। ਇਕ ਦੂਜੇ ਦੀ ਸੇਵਾ ਕਰ ਰਹੇ ਨੇ। ਗੁਰੂ ਦੀ ਸੇਵਾ ਕਰ ਰਹੇ ਨੇ –

*ਤਿਨ ਮਹਿੰ ਮਿਲਿ ਸੇਵਾ ਕਹੁ ਲਾਗਯੋ।*
*ਭਲੀ ਜਾਨਿ ਕਰਿ ਉਰ ਅਨੁਰਾਗਯੋ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਭਲੀ ਜਾਣ ਕੇ ਚਿੱਤ ਦੇ ਅੰਦਰ ਪਿਆਰ ਆ ਗਿਆ ਉਹਦੇ। ਉਹ ਵੀ ਸੇਵਾ ਕਰਨ ਲਗ ਗਿਆ ਤੇ ਗੁਰੂ ਮਹਾਰਾਜ ਦੇ ਵਾਸਤੇ ਪਾਣੀ ਗਰਮ ਕਰਨਾ। ਇਸ਼ਨਾਨ ਕਰਾਉਣਾ, ਵਸਤਰ ਧੋਣੇ, ਗੁਰੂ ਦੇ ਚਰਨਾਂ ਨੂੰ ਘੁਟਣਾ, ਪੱਖਾ ਝੱਲਣਾ, ਭਾਂਡੇ ਮਾਂਜਣੇ ਤੇ ਬਹੁਤ ਵਧੀਆ ਲਿਸ਼ਕਾ ਦੇਣੇ। ਸੰਗਤ ਦੀ ਸੇਵਾ ਕਰਦਾ ਸੀ, ਕਦੇ-ਕਦੇ ਗੁਰੂ ਦੀ ਸੇਵਾ ਕਰਦਾ ਸੀ –

*ਤਪਤ ਨੀਰ ਕਰਿਵਾਇ ਸ਼ਨਾਨ।*
*ਵਸਤ੍ਰ ਪਖਾਰਹਿ ਮਲ ਕਰਿ ਹਾਨ।*
*ਚਰਨ ਚਾਂਪ, ਹਾਂਕਤਿ ਹੈ ਬਾਯੁ।*

*ਚਰਨਾਂ ਨੂੰ ਦਬਾਉਂਦਾ ਹੈ। ਲੱਤਾਂ ਘੁੱਟਦਾ ਹੈ ਤੇ ਕਦੇ-ਕਦੇ ਪੱਖਾ ਝਲਦਾ ਰਹਿੰਦਾ ਹੈ।*
*ਬਾਸਨ ਧੋਵੈ ਮਾਂਝ ਬਨਾਯੁ।*
*ਕਬਿ ਕਬਿ ਗੁਰ ਕੀ ਸੇਵਾ ਪਾਇ।*
*ਮਹਾਂ ਪ੍ਰੇਮ ਤੇ ਕਰਹਿ ਬਨਾਇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

*ਬੜਾ ਹੀ ਪ੍ਰੇਮ ਕਰਕੇ ਸੇਵਾ ਕਰਦੈ।*
*ਇਕ ਦਿਨ ਸ੍ਰੀ ਅੰਗਦ ਕੇ ਪਾਸ।*
*ਹਾਥ ਜੋਰਿ ਕੀਨੀ ਅਰਦਾਸ।*

ਇਕ ਦਿਨ ਗੁਰੂ ਅੰਗਦ ਸਾਹਿਬ ਜੀ ਦੇ ਪਾਸ ਜਾ ਕੇ ਦੋਵੇਂ ਹੱਥ ਜੋੜ ਲਏ ਤੇ ਇਸ ਤਰ੍ਹਾਂ ਦੇ ਨਾਲ ਅਰਦਾਸ ਕਰਦੈ–

*ਧਾਰਨਾ – ਜੀ ਮੈਂ ਬਹੁੜ ਜਨਮ ਨਾ ਆਵਾਂ,*
*ਇਹੋ ਮੇਰੀ ਬੇਨਤੀ ਗੁਰਾਂ।*

ਦੋਵੇਂ ਹੱਥ ਜੋੜ ਲਏ, ਪਾਤਸ਼ਾਹ! ਮੈਨੂੰ ਦਾਤ ਦੇ ਆਪਣੇ ਨਾਮ ਦੀ। ਕਿਉਂਕਿ ਦਾਤ ਤੋਂ ਬਾਅਦ ਜਨਮ-ਮਰਨ ਕਟ ਜਾਇਆ ਕਰਦੈ। ਸੋ ਮੇਰਾ ਜਨਮ-ਮਰਨ ਕੱਟ ਦਿਓ।

*ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥*
*ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥*

*ਅੰਗ – ੭੪੬*

*ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥*
*ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਅੰਗ – ੭੧੨*

ਸੋ ਮਹਾਰਾਜ ਜੀ ਕੋਲ ਬੇਨਤੀ ਕਰੀ –

*ਇਕ ਦਿਨ ਸ੍ਰੀ ਅੰਗਦ ਕੇ ਪਾਸ।*
*ਹਾਥ ਜੋਰਿ ਕੀਨੀ ਅਰਦਾਸ।*
*ਸ੍ਰੀ ਸਤਿਗੁਰ ਮੁਝ ਦਿਹੁ ਉਪਦੇਸ਼ੁ।*
*ਜਿਸ ਤੇ ਮਿਟਹਿੰ ਕਲੇਸ਼ ਅਸ਼ੇਸ਼ੁ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਪਾਤਸ਼ਾਹ! ਤੁਹਾਡੀ ਸੰਗਤ 'ਚ ਆ ਕੇ ਮੈਂ ਸੁਣਿਆ ਹੈ ਕਿ ਆਦਮੀ ਦੇ ਮਨ ਵਿਚ ਜਦੋਂ ਤਕ ਕਲੇਸ਼ ਨੇ, ਉਸ ਵੇਲੇ ਤਕ ਇਹ ਜੰਮਦਾ ਤੇ ਮਰਦਾ ਰਹੇਗਾ। ਸੋ ਮੇਰੇ ਕਲੇਸ਼ਾਂ ਦਾ ਖਾਤਮਾ ਕਰਨ ਵਾਲੀ ਚੀਜ਼ ਜੋ ਪ੍ਰਮੇਸ਼ਰ ਦਾ ਨਾਮ ਹੈ, ਉਸਦੀ ਮੈਨੂੰ ਦਾਤ ਦਿਓ ਪਾਤਸ਼ਾਹ।

*'ਚਲਦਾ.....................।'*

***(ਵੀਡੀਓ ਫਿਲਮ ਦੀਵਾਨ ਨੰ: 124)***

# ਗੁਰਬਾਣੀ ਅਨੁਸਾਰ ਸੰਤ ਕੌਣ ਹੈ?
## ਸੰਤ ਰਹਤ ਸੁਨਹੁ ਮੇਰੇ ਭਾਈ।।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-33)***

ਸੰਤਾਂ ਦੀ ਬਿਰਤੀ ਸੂਰਜ ਵਰਗੀ ਅਤੇ ਅਕਾਸ਼ ਵਰਗੀ ਹੋਇਆ ਕਰਦੀ ਹੈ ਉਨ੍ਹਾਂ ਦਾ ਕੋਈ ਆਪਣਾ ਨਹੀਂ ਤੇ ਕੋਈ ਬੇਗਾਨਾ ਨਹੀਂ ਹੋਇਆ ਕਰਦਾ ਹੈ। ਉਨ੍ਹਾਂ ਦੇ ਅੰਦਰੋਂ ਇਹ ਭਾਵਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘਾਲ ਕਮਾਈ ਨਾਲ ਬਿਲਕੁਲ ਹੀ ਨਸ਼ਟ ਹੋ ਚੁਕੀ ਹੁੰਦੀ ਹੈ -

***ਬਿਸਰਿ ਗਈ ਸਭ ਤਾਤਿ ਪਰਾਈ।।***
***ਜਬ ਤੇ ਸਾਧਸੰਗਤਿ ਮੋਹਿ ਪਾਈ।।***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ।।***
***ਅੰਗ - ੧੨੯੯***

ਸੋ ਇਸ ਤਰ੍ਹਾਂ ਨਾਲ ਸੰਤ ਕਿਸੇ ਵਿਚ ਨਾ ਮਿੱਤਰ ਭਾਵਨਾ ਜਾਣਦੇ ਹਨ ਤੇ ਨਾ ਸ਼ਤਰੂ ਭਾਵਨਾ; ਸਮਾਨ ਦ੍ਰਿਸ਼ਟੀ ਨਾਲ ਸਾਰਿਆਂ ਨੂੰ ਵੇਖਦੇ ਹਨ।

ਅਗਲਾ ਦ੍ਰਿਸ਼ਟਾਂਤ ਸੂਰਜ ਦਾ ਦਸਦੇ ਹਨ -

***ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ***
***ਅੰਧਕਾਰ ਬਿਨਾਸ।।***
***ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ***
***ਮਨਿ ਨ ਭਇਓ ਬਿਖਾਦੁ।। ਅੰਗ - ੧੦੧੮***

ਸੂਰਜ ਦੀਆਂ ਕਿਰਨਾਂ ਪਵਿੱਤਰ ਸਥਾਨਾਂ ਅਤੇ ਅਪਵਿੱਤਰ ਸਥਾਨਾਂ ਤੇ, ਸੁਗੰਧੀ ਦੇਣ ਵਾਲੇ ਫੁਲਾਂ ਦੇ ਬਗੀਚਿਆਂ ਅਤੇ ਬਦਬੂ ਮਾਰਦੇ ਗੰਦਗੀ ਦੇ ਢੇਰਾਂ ਉਤੇ ਇਕੋ ਜਿਹੀਆਂ ਹੀ ਪੈਂਦੀਆਂ ਹਨ। ਜਿਵੇਂ ਸੂਰਜ ਦੇ ਮਨ ਵਿਚ ਕੋਈ ਦੁਖ ਨਹੀਂ, ਇਸੇ ਤਰ੍ਹਾਂ ਨਾਲ-

***ਬ੍ਰਹਮਗਿਆਨੀ ਸਦਾ ਨਿਰਦੋਖ।।***
***ਜੈਸੇ ਸੂਰੁ ਸਰਬ ਕਉ ਸੋਖ।। ਅੰਗ - ੨੭੨***

ਪ੍ਰਮੇਸ਼ਰ ਦੇ ਪਿਆਰ ਵਾਲੇ ਚੰਗਿਆਂ, ਮੰਦਿਆਂ, ਪਾਪੀਆਂ, ਪੁੰਨੀਆਂ ਦੇ ਔਗੁਣ ਤੇ ਗੁਣ ਨਾ ਪਛਾਣਦੇ ਹੋਏ ਭਜਵਲ ਤਰਨ ਦਾ ਸਭ ਨੂੰ ਇਕੋ ਜਿਹਾ ਉਪਦੇਸ਼ ਦਿੰਦੇ ਹਨ। ਸਾਰਿਆਂ ਦਾ ਭਲਾ ਮੰਗਦੇ ਹਨ। ਸੂਰਜ ਪ੍ਰਚੰਡ ਵਾਂਗੂੰ ਸੰਤ ਗਿਆਨ ਰੂਪ ਸੂਰਜ ਰਾਹੀਂ ਅੰਤਹਕਰਣ ਦੀਆਂ ਡੂੰਘੀਆਂ ਖੱਡਾਂ ਵਿਚੋਂ ਹਨ੍ਹੇਰਾ ਦੂਰ ਕਰਨ ਲਈ ਭਾਂਤ-ਭਾਂਤ ਦੇ ਅਲੰਕਾਰਾਂ ਦੇ ਉਪਦੇਸ਼ ਰਾਹੀਂ ਜੀਵਾਂ ਦੇ ਅਗਿਆਨ ਦਾ ਨਾਸ਼ ਕਰਦੇ ਹਨ ਉਨ੍ਹਾਂ ਦੀਆਂ ਉਪਦੇਸ਼ ਰੂਪੀ ਕਿਰਨਾਂ ਪਵਿੱਤਰ ਅੰਤਹਕਰਣ ਵਾਲਿਆਂ ਤੇ ਮਹਾਂ ਮਲੀਨ ਮਨਮੁਖਾਂ ਦੇ ਹਿਰਦਿਆਂ ਵਿਚ ਲਗਦੀਆਂ ਹਨ ਤਾਂ ਅੰਧਕਾਰਮਈ ਅਗਿਆਨ ਅੰਤਹਕਰਣ ਵਿਚੋਂ ਦੂਰ ਕਰਕੇ ਉਨ੍ਹਾਂ ਨੂੰ ਆਪਣੇ ਸਰੂਪ ਦੀ ਗਿਆਤ ਕਰਾਉਂਦੇ ਹਨ। ਸੰਸਾਰ ਸੰਤਾਂ ਨੂੰ ਅਨੇਕ ਕਿਸਮ ਦੇ ਦੁਖ ਦਿੰਦਾ ਹੈ। ਜਿਵੇਂ ਨਾਮਦੇਵ, ਕਬੀਰ ਸਾਹਿਬ, ਪ੍ਰਹਿਲਾਦ, ਰਵਿਦਾਸ ਜੀ ਨੂੰ ਦੁਖ ਦਿਤੇ ਪਰ ਉਨ੍ਹਾਂ ਨੇ ਆਪਣੇ ਸੂਰਜ ਵਰਗੇ ਸੁਭਾਅ ਦੀ ਵਰਤੋਂ ਕਰਕੇ ਦੁਖ ਦੇਣ ਵਾਲੇ ਹਿਰਦੇ ਵਿਚ ਪ੍ਰਕਾਸ਼ਮਈ ਕਿਰਨਾਂ ਪਾ ਕੇ ਉਨ੍ਹਾਂ ਨੂੰ ਪ੍ਰਮੇਸਰ ਦੇ ਪਿਆਰੇ ਬਣਾ ਦਿਤਾ। ਇਹ ਉਪਦੇਸ਼ ਕਰਨ ਵਾਲੇ ਸੰਤਾਂ ਦੇ ਮਨਾਂ ਵਿਚ ਕੋਈ ਵਿਖਾਧ (ਵੈਰ, ਵਿਰੋਧ, ਦੁਸ਼ਮਨੀ ਮਨਮੁਟਾਅ, ਭੇਦਭਾਵ ਜਾਂ ਅੰਦਰੂਨੀ ਰੰਜਿਸ਼) ਨਹੀਂ ਹੁੰਦਾ ਅਤੇ ਨਾ ਹੀ ਕੋਈ ਗਿਣਤੀ ਹੁੰਦੀ ਹੈ, ਨਾ ਹੀ ਇਹ ਦੇਖਦੇ ਹਨ ਕਿ ਇਸ ਪੁਰਸ਼ ਨੇ ਮੰਦ ਬਚਨ ਕਰਕੇ ਪ੍ਰੇਮੀਆਂ ਦੇ ਹਿਰਦਿਆਂ ਨੂੰ ਬੇਧਿਆ ਹੈ। ਇਨ੍ਹਾਂ ਗੱਲਾਂ ਤੋਂ ਬੇਪਰਵਾਹ ਹੋ ਕੇ ਸਰਬੱਤ ਦਾ ਭਲਾ ਲੋਚਦੇ ਹਨ।

ਛੇਵਾਂ ਦ੍ਰਿਸ਼ਟਾਂਤ ਹਵਾ ਦਾ ਹੈ - ਠੰਢੀ ਹਵਾ ਗਰਮੀਆਂ ਦੇ ਮਹੀਨੇ ਸਭ ਨੂੰ ਪਿਆਰੀ ਲਗਦੀ ਹੈ ਜਿਵੇਂ ਧਰਤੀ ਉਪਰ ਅਨੇਕ ਕਿਸਮ ਦੀਆਂ ਚੰਗੀਆਂ ਮੰਦੀਆਂ ਜਗ੍ਹਾਂ ਹੋਇਆ ਕਰਦੀਆਂ ਹਨ। ਇਵੇਂ ਜਿਵੇਂ ਸੰਸਾਰ ਵਿਚ ਅਨੇਕ ਕਿਸਮ ਦੇ ਖਿਆਲਾਂ ਵਾਲੇ ਚੰਗੇ ਮੰਦੇ ਗੁਰਮੁਖ, ਮਨਮੁਖ, ਬੇਮੁਖ, ਨਿੰਦਕ, ਸਾਕਤ, ਪਰਉਪਕਾਰੀ, ਦਾਨੀ, ਸੇਵਾ ਵਾਲੇ ਬੰਦੇ ਹੋਇਆ ਕਰਦੇ ਹਨ। ਜਿਸ ਤਰ੍ਹਾਂ ਨਾਲ ਠੰਢੀ ਹਵਾ ਸਾਰੀਆਂ ਚੰਗੀਆਂ-ਮੰਦੀਆਂ ਥਾਵਾਂ ਨੂੰ ਸਪਰਸ਼ ਕਰਦੀ ਆਪਣੀ ਮੌਜ ਵਿਚ ਵਗਦੀ ਹੈ, ਉਹ ਕੋਈ ਗਿਣਤੀ ਨਹੀਂ ਮਨ ਵਿਚ ਰਖਦੀ ਇਵੇਂ ਚੰਗੇ-ਮੰਦੇ, ਹਰ ਤਰ੍ਹਾਂ ਦੇ ਬੰਦਿਆਂ ਦੇ ਕਰਤਵਾਂ ਨੂੰ ਨਾ ਵਿਚਾਰਦੇ ਹੋਏ ਸੰਤ ਸਤਿ ਉਪਦੇਸ਼ ਸਭਨਾਂ ਨੂੰ ਕਰਦੇ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਾਰ ਕੇ ਸਭਨਾਂ ਦਾ ਹੀ ਉਧਾਰ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਨਾਲ ਸੰਤਾਂ ਦਾ ਸੀਤਲ ਸੁਭਾਅ ਹੋਇਆ ਕਰਦਾ ਹੈ ਜੋ ਵੀ ਵਿਹਾਰ ਕਰਦੇ ਹਨ ਸਨੇ-ਸਨੇ ਕਰਦੇ ਹਨ

ਸਾਰਿਆਂ ਨੂੰ ਸਮਾਨ ਭਗਤੀ ਦਾ ਉਪਦੇਸ਼ ਕਰਦੇ ਹਨ। ਵੱਡੇ ਹੰਕਾਰੀ, ਦੁਸ਼ਟਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦੀ ਹੰਕਾਰ ਭਰੀ ਤਪਸ਼ ਬੁਝਾ ਦਿੰਦੇ ਹਨ।

***ਸੀਤ ਮੰਦ ਸੁਗੰਧ ਚਲਿਓ***
***ਸਰਬ ਥਾਨ ਸਮਾਨ।।***
***ਜਹਾ ਸਾ ਕਿਛੁ ਤਹਾ ਲਾਗਿਓ***
***ਤਿਲੁ ਨ ਸੰਕਾ ਮਾਨ।। ਅੰਗ - ੧੦੧੮***

***ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨ।।***
***ਜੈਸੇ ਰਾਜ ਰੰਕ ਕਉ***
***ਲਾਗੈ ਤੁਲਿ ਪਵਾਨ।। ਅੰਗ - ੨੭੨***

ਹੁਣ ਅੱਗੇ ਆਪ ਅਗਨੀ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਫੁਰਮਾਨ ਕਰਦੇ ਹਨ -

***ਸੁਭਾਇ ਅਭਾਇ ਜੁ ਨਿਕਟਿ ਆਵੈ***
***ਸੀਤੁ ਤਾ ਕਾ ਜਾਇ।।***
***ਆਪ ਪਰ ਕਾ ਕਛੁ ਨ ਜਾਣੈ***
***ਸਦਾ ਸਹਜਿ ਸੁਭਾਇ।। ਅੰਗ - ੧੦੧੮***

***ਬ੍ਰਹਮਗਿਆਨੀ ਕਾ ਇਹੈ ਗੁਨਾਉ।।***
***ਨਾਨਕ ਜਿਉ ਪਾਵਕ ਕਾ***
***ਸਹਜ ਸੁਭਾਉ।। ਅੰਗ - ੨੭੨***

ਅੱਗ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਆਪ ਦਸਦੇ ਹਨ ਕਿ ਜਿਵੇਂ ਅੱਗ ਦੇ ਪਾਸ ਕੋਈ ਵੀ ਪੁਰਸ਼ ਭਾਵੇਂ ਪ੍ਰੇਮ ਨਾਲ ਨੇੜੇ ਆਵੇ, ਭਾਵੇਂ ਦੁਸ਼ਟਤਾ ਰਖਕੇ ਨੇੜੇ ਆਵੇ ਪਰ ਉਸਦਾ ਪਾਲਾ ਅੱਗ ਨੇ ਦੂਰ ਕਰਨਾ ਹੀ ਹੈ। ਅਗਨ ਆਪਣੇ ਪਰਾਏ ਨੂੰ ਕੁਝ ਵੀ ਨਹੀਂ ਜਾਣਦੀ ਪਰ ਜੋ ਵੀ ਇਸਦੇ ਨਿਕਟ ਆਉਂਦਾ ਹੈ ਇਹ ਸੁਤੇ ਹੀ ਆਪਣੇ ਸੁਭਾਅ ਦੇ ਮੁਤਾਬਿਕ ਉਸਦਾ ਪਾਲਾ ਦੂਰ ਕਰਦੀ ਹੈ। ਦੂਜਾ ਪਾਲੇ ਤੋਂ, ਸਰਦੀ ਤੋਂ ਪਾਏਮਾਨ ਹੋ ਕੇ ਜੋ ਅੰਦਰ ਡਰ ਪੈਦਾ ਹੋ ਰਿਹਾ ਸੀ ਕਿ ਮੈਂ ਕਿਤੇ ਨਮੂਨੀਆ ਹੋ ਕੇ ਮਰ ਨਾ ਜਾਵਾਂ, ਅਗਨੀ ਉਹ ਡਰ ਦੂਰ ਕਰਦੀ ਹੈ ਅਤੇ ਆਪਣੀਆਂ ਲਾਟਾਂ ਨਾਲ ਦੂਰ ਤਕ ਪ੍ਰਕਾਸ਼ ਵੀ ਦਿੰਦੀ ਹੈ। ਇਸੇ ਤਰ੍ਹਾਂ ਸੰਤ ਆਪਣਾ ਪਰਾਇਆ ਕੁਝ ਵੀ ਨਹੀਂ ਜਾਣਦੇ, ਇਹ ਉਨ੍ਹਾਂ ਦਾ ਸਮਤਾ ਵਾਲਾ ਸੁਭਾਅ ਹੈ। ਜਿਹੜੇ ਵੀ ਪ੍ਰੇਮ ਵਾਲੇ ਜਾਂ ਪ੍ਰੇਮ ਤੋਂ ਹੀਣੇ ਸੰਤਾਂ ਦੀ ਸੰਗਤ ਵਿਚ ਜਾਂਦੇ ਹਨ ਉਨ੍ਹਾਂ ਦਾ ਅਗਿਆਨ ਰੂਪ ਪਾਲਾ ਦੂਰ ਹੋ ਜਾਂਦਾ ਹੈ ਅਤੇ ਜਮਾਂ ਦਾ ਭੈਅ ਦੂਰ ਕਰ ਦਿੰਦੇ ਹਨ ਅਤੇ ਗਿਆਨ ਦਾ ਪ੍ਰਕਾਸ਼ ਹੋ ਕੇ ਉਸਦਾ ਜਨਮ-ਮਰਨ ਖਤਮ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਉਣ ਲੱਗੇ ਕਿ -

***ਚਰਣ ਸਰਣ ਸਨਾਥ***
***ਇਹੁ ਮਨੁ ਰੰਗਿ ਰਾਤੇ ਲਾਲ।।***
***ਗੋਪਾਲ ਗੁਣ ਨਿਤ ਗਾਉ***
***ਨਾਨਕ ਭਏ ਪ੍ਰਭ ਕਿਰਪਾਲ।।***
***ਅੰਗ - ੧੦੧੮***

ਸੰਤ ਪ੍ਰਭੂ ਦੇ ਪ੍ਰੇਮ ਵਿਚ ਰਤੇ ਹੋਏ ਹੁੰਦੇ ਹਨ ਅਜਿਹੇ ਵਿਰਲੇ ਸੰਤਾਂ ਦੀ ਚਰਨ ਸ਼ਰਨ ਗ੍ਰਹਿਣ ਕਰੋ, ਸੇਵਾ ਕਰੋ ਕਿਉਂਕਿ ਇਹ ਭਵਜਲ ਵਿਚੋਂ ਤਾਰਨ ਦੀ ਸਮਰਥਾ ਰਖਦੇ ਹਨ।

***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ।।***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ।। ਅੰਗ - ੧੩੭੩***

ਸੋ ਇਸ ਕਰਕੇ ਤੁਸੀਂ ਗੁਰਸਿੱਖ ਪਿਆਰਿਓ ਐਸੇ ਕਮਾਈ ਵਾਲੇ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ ਜੀਵਨ ਸਫਲ ਕਰੋ। ਸੰਤ, ਵਾਹਿਗੁਰੂ ਜੀ ਨਾਲ ਅਭੇਦ ਹੋਇਆ ਕਰਦੇ ਹਨ। ਵਾਹਿਗੁਰੂ ਜੀ ਉਨ੍ਹਾਂ ਦੇ ਸਾਰੇ ਕਾਜ ਆਪ ਸਵਾਰਿਆ ਕਰਦੇ ਹਨ, ਆਪ ਹੀ ਬਰਕਤਾਂ ਪਾਉਂਦੇ ਹਨ ਅਤੇ ਸੰਤਾਂ ਦੀ ਪੈਜ ਆਪ ਹੀ ਰਖਦੇ ਹਨ।

ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਪਾਸ, ਜਦੋਂ ਆਪ ਢੱਕੀ ਵਿਚ ਘੋਰ ਤਪਸਿਆ ਕਰਿਆ ਕਰਦੇ ਸਨ ਅਤੇ ਗੁਰਮੰਤ੍ਰ ਦਾ ਜਾਪ ਸਾਲਾਂ ਬੱਧੀ, ਨੀਂਦ ਦਾ, ਭੁੱਖ ਦਾ ਤਿਆਗ ਕਰਕੇ ਗਰਮੀ, ਪਾਲੇ ਦੀ ਪਰਵਾਹ ਨਾ ਕਰਦੇ ਹੋਏ, ਕਰਿਆ ਕਰਦੇ ਸੀ ਤਾਂ ਇਕ ਦਿਨ ਦੀ ਗੱਲ ਹੈ ਕਿ ਗੁਜਰਾਂਵਾਲ ਪਿੰਡ ਤੋਂ ਜਰਗ ਨੂੰ ਜਾਣ ਵਾਲੀ ਸੌ ਕੁ ਬੰਦਿਆਂ ਦੀ ਮਕਾਣ ਜਦੋਂ ਪਰਚੌਣੀ ਕਰਕੇ ਜਰਗ ਤੋਂ ਮੁੜ ਕੇ ਆਈ ਤਾਂ ਸੰਤ ਮਹਾਰਾਜ ਜੀ ਨੂੰ ਦਰਸ਼ਨ ਕਰਕੇ ਨਮਸ਼ਕਾਰ ਕੀਤੀ ਤਾਂ ਆਪ ਦੇ ਮੁਖ ਤੋਂ ਸਹਿਜ-ਸੁਭਾਅ ਹੀ ਨਿਕਲਿਆ ਕਿ ਲੰਗਰ ਵਿਚ ਕੜਾਹ ਪ੍ਰਸ਼ਾਦ ਬਣਿਆ ਹੈ ਛਕ ਕੇ ਜਾਣਾ। ਉਹ ਪ੍ਰੇਮੀ ਬਚਨ ਮੰਨ ਕੇ ਲਾਂਗਰੀ ਸਿੰਘ ਪਾਸ ਚਲੇ ਗਏ ਤੇ ਪੰਗਤਾਂ ਲਾ ਲਈਆਂ। ਉਸ ਵੇਲੇ ਲੰਗਰ ਵਿਚ ਅਜੇ ਸ਼ਾਮ ਦੇ ਲੰਗਰ ਵਾਲਾ ਦਾਲਾ ਰਿੱਝ ਰਿਹਾ ਸੀ ਅਤੇ ਪ੍ਰਸ਼ਾਦ ਵੀ ਬਣਾ ਕੇ ਭੋਗ ਲਵਾਉਣ ਵਾਲਾ ਸੀ। ਲਾਂਗਰੀ ਸਿੰਘ ਨੂੰ ਉਨ੍ਹਾਂ ਨੇ ਕਿਹਾ ਕਿ ਮਹਾਰਾਜ ਜੀ ਨੇ ਹੁਕਮ ਕੀਤਾ ਹੈ ਕਿ ਸਾਰੀ ਸੰਗਤ ਕੜਾਹ ਪ੍ਰਸ਼ਾਦ ਛਕ ਕੇ ਜਾਇਓ। ਉਸ ਦਿਨ ਸਵੇਰੇ ਹੀ ਕਿਸੇ ਪ੍ਰੇਮੀ ਨੇ ਢਾਈ ਰੁਪਏ ਦੀ ਦੇਗ ਕਰਾਈ ਸੀ। ਜੋ ਸਵੇਰ ਤੋਂ ਵੰਡਦਿਆਂ-ਵੰਡਦਿਆਂ ਥੋੜ੍ਹੀ ਜਿਹੀ ਸਰਬ ਲੋਹ ਦੇ ਬਾਟੇ ਵਿਚ ਬਚਦੀ ਪਈ ਸੀ। ਲਾਂਗਰੀ ਸਿੰਘ ਮਹਾਂਪੁਰਸ਼ਾਂ ਦੇ ਪਾਸ ਆਇਆ ਅਤੇ ਕਿਹਾ ਕਿ ਮਹਾਰਾਜ ਜੀ ਦੇਗ ਤਾਂ ਬਾਟੇ ਵਿਚ ਸਵਾਈ ਹੀ ਹੈ। ਪਰ ਆਪ ਜੀ ਨੇ ਕੜਾਹ

ਪ੍ਰਸ਼ਾਦ ਛਕਾਉਣ ਦਾ ਬਚਨ ਕਰ ਦਿਤਾ ਹੈ। ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਸੰਤ ਕਿਸ਼ਨ ਸਿੰਘ ਜੀ ਨਾਲ ਗੱਲ ਕਰੋ ਉਹ ਲੰਗਰ ਦੇ ਇੰਚਾਰਜ ਹਨ। ਸਾਰੇ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਲੰਗਰ ਵਿਚ ਪਧਾਰੇ ਅਤੇ ਆ ਕੇ ਆਪਣਾ ਰੁਮਾਲ ਬਾਟੇ ਉਪਰ ਪਾ ਦਿਤਾ ਅਤੇ ਫੁਰਮਾਨ ਕੀਤਾ ਕਿ ਪਿਆਰਿਆ! ਇਹ ਗੁਰੂ ਕਾ ਲੰਗਰ ਹੈ ਇਹ ਗੁਰੂ ਨਾਨਕ ਦੀ ਕ੍ਰਿਪਾਲਤਾ ਨਾਲ ਹੀ ਚਲ ਰਿਹਾ ਹੈ, ਇਸ ਵਿਚ ਥੋੜ ਨਹੀਂ ਆਇਆ ਕਰਦੀ, ਨਿਸ਼ਚਾ ਰੱਖ। ਗੁਰੂ ਮਹਾਰਾਜ ਜੀ ਇਸ ਸ਼ਬਦ ਵਿਚ ਫੁਰਮਾਨ ਕਰਦੇ ਹਨ –

***ਤਿਚਰੁ ਮੂਲਿ ਨ ਥੁੜੀਦੋ***
***ਜਿਚਰੁ ਆਪਿ ਕ੍ਰਿਪਾਲੁ॥***
***ਸਬਦੁ ਅਖੁਟੁ ਬਾਬਾ ਨਾਨਕਾ***
***ਖਾਹਿ ਖਰਚਿ ਧਨੁ ਮਾਲੁ॥ ਅੰਗ – ੧੪੨੬***

ਪ੍ਰਮੇਸ਼ਰ ਆਪਣਿਆਂ ਦੀ ਆਪ ਹੀ ਲਾਜ ਰੱਖਿਆ ਕਰਦਾ ਹੈ, ਮਨ ਵਿਚ ਸ਼ੰਕਾ ਨਾ ਲਿਆਈਂ, ਨਾ ਹੀ ਰੁਮਾਲ ਚੁਕ ਕੇ ਅੰਤਵਾਰਾ ਲਈਂ, ਵਰਤਾਂਦਾ ਜਾਈਂ, ਤੋਟਾ ਨਹੀਂ ਆਏਗਾ। ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥***
***ਗੁਰ ਪਰਸਾਦਿ ਸਦਾ ਮਨਿ ਵਸਿਆ***
***ਸਭਿ ਕਾਜ ਸਵਾਰਣਹਾਰਾ॥***
***ਓਨਾ ਕੀ ਰੀਸ ਕਰੇ ਸੁ ਵਿਗੁਚੈ***
***ਜਿਨ ਹਰਿ ਪ੍ਰਭੁ ਹੈ ਰਖਵਾਰਾ॥***
***ਅੰਗ – ੬੩੮***

ਪ੍ਰਸ਼ਾਦ ਵਰਤਾਉਂਦੇ ਹੋਰ ਕਾਫੀ ਸੰਗਤਾਂ ਪੰਗਤਾਂ ਵਿਚ ਆ ਕੇ ਬੈਠ ਗਈਆਂ। ਕੜਾਹ ਪ੍ਰਸ਼ਾਦ ਨਾਲ ਸਾਰੇ ਤ੍ਰਿਪਤ ਹੋ ਗਏ ਅਤੇ ਧੰਨ-ਧੰਨ ਕਰਦੇ ਵਿਦਾ ਹੋਏ। ਸੋ ਇਸੇ ਤਰ੍ਹਾਂ ਨਾਲ ਸੰਤਾਂ ਦੇ ਕਾਰਜ ਪ੍ਰਭੂ ਆਪ ਹੀ ਕਰਿਆ ਕਰਦੇ ਹਨ ਕਿਉਂਕਿ ਉਹ ਸੰਸਾਰ ਵਿਚ ਕੇਵਲ ਪ੍ਰਭੂ ਨੂੰ ਹੀ ਦੇਖਦੇ ਹਨ, ਉਨ੍ਹਾਂ ਦੀ ਨਿਗ੍ਹਾ ਵਿਚ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਆਇਆ ਨਹੀਂ ਕਰਦਾ। ਇਸੇ ਤਰ੍ਹਾਂ ਦੇ ਨਾਲ ਸੰਤਾਂ ਦੀ ਰੀਤਿ ਨਿਰਾਲੀ ਹੈ।

***ਸੰਤਾ ਕੀ ਇਹ ਰੀਤਿ ਨਿਰਾਲੀ॥***
***ਪਾਰਬ੍ਰਹਮੁ ਕਰਿ ਦੇਖਹਿ ਨਾਲੀ॥***
***ਅੰਗ – ੧੦੮੫***

ਸੋ ਮਹਾਤਮਾ ਦਿਨ ਰਾਤ ਹੀ ਪਿਆਰ ਵਿਚ ਰਹਿੰਦੇ ਹਨ, ਪ੍ਰਭੂ ਨੂੰ ਅੰਦਰ-ਬਾਹਰ ਹਰ ਥਾਂ ਦੇਖ ਕੇ ਉਨ੍ਹਾਂ ਵਿਚ ਅਭੇਦ ਰਿਹਾ ਕਰਦੇ ਹਨ। ਉਨ੍ਹਾਂ ਦੇ ਕੋਲ ਵਰਤਣ ਲਈ ਵਾਹਿਗੁਰੂ ਜੀ ਦਾ ਨਾਮ ਹੋਇਆ ਕਰਦਾ ਹੈ ਤੇ ਹਰੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਮਨ ਵਿਚ ਕੋਈ ਵੀ ਭੁੱਖ ਨਹੀਂ ਰਿਹਾ ਕਰਦੀ। ਵਾਹਿਗੁਰੂ ਜੀ ਦੇ ਵਿਚ ਰੱਤੇ ਰਹਿਣ ਕਰਕੇ ਉਨ੍ਹਾਂ ਦੇ ਮਨ ਤੇ ਤਨ ਸਦਾ ਹੀ ਹਰਿਆਵਲ ਵਿਚ ਰਹਿੰਦੇ ਹਨ। ਸਰਬੱਗ ਗੁਰੂ ਦੀ ਸ਼ਰਨ ਵਿਚ ਪਏ ਆਪਣੇ ਆਪ ਨੂੰ ਦਾਸਾਂ ਦੇ ਦਾਸ ਜਾਣਦੇ ਹਨ। ਵਾਹਿਗੁਰੂ ਜੀ ਦਾ ਨਾਮ ਉਨ੍ਹਾਂ ਅੰਦਰ ਸਮਾਇਆ ਹੁੰਦਾ ਹੈ ਉਹ ਘਟ-ਘਟ ਵਿਚ ਵਾਹਿਗੁਰੂ ਜੀ ਨੂੰ ਦੇਖਦੇ ਹਨ। ਵਾਹਿਗੁਰੂ ਜੀ ਤੋਂ ਬਿਨਾਂ ਉਹ ਹੋਰ ਕੁਝ ਨਹੀਂ ਦੇਖਦੇ, ਸਾਰਾ ਸੰਸਾਰ ਉਨ੍ਹਾਂ ਨੂੰ ਵਾਹਿਗੁਰੂ ਦਾ ਰੂਪ ਹੀ ਦਿਸਦਾ ਰਹਿੰਦਾ ਹੈ। ਖੁਸ਼ੀ ਤੇ ਗਮੀ ਵਿਚ ਆਪਣੀ ਬਿਰਤੀ ਨੂੰ ਇਕ ਸਮਾਨ ਰਖਦੇ ਹਨ ਅਤੇ ਹਰ ਵਕਤ ਦੁਖਾਂ, ਸੁਖਾਂ, ਅਸਮਿਤਾ, ਅਭਿਨਿਵੇਸ਼, ਅਵਿਦਿਆ ਤੋਂ ਰਹਿਤ ਰਹਿੰਦੇ ਹੋਏ ਵਾਹਿਗੁਰੂ ਨਾਲ ਜੁੜੇ ਰਹਿੰਦੇ ਹਨ। ਦੇਖਣ ਨੂੰ ਤਾਂ ਐਉਂ ਲਗਦੇ ਹਨ ਕਿ ਉਹ ਆਮ ਮਨੁੱਖਾਂ ਵਾਂਗੂੰ ਸੰਸਾਰ ਅਤੇ ਪਰਿਵਾਰ ਵਿਚ ਵਿਚਰ ਰਹੇ ਹਨ ਅਤੇ ਪਰਉਪਕਾਰ ਦੇ ਕਾਰਜ ਕਰ ਰਹੇ ਹਨ ਪਰ ਉਹ ਸਭ ਤੋਂ ਨਿਰਲੇਪ ਰਹਿੰਦੇ ਹੋਏ ਸਦਾ ਹੀ ਪਾਰਬ੍ਰਹਮ ਪ੍ਰਮੇਸ਼ਰ ਦੇ ਧਿਆਨ ਵਿਚ ਲਿਵਲੀਨ ਰਹਿੰਦੇ ਹਨ। ਅਜਿਹੇ ਮਹਾਂਪੁਰਸ਼ਾਂ ਦੀ ਮਹਿਮਾ ਨੂੰ ਵੇਦ ਵੀ ਕਥਨ ਨਹੀਂ ਕਰ ਸਕਦੇ ਕਿਉਂਕਿ ਕੋਈ ਕੀਮਤ ਨਹੀਂ ਪਾ ਸਕਦਾ। ਉਹ ਵਾਹਿਗੁਰੂ ਜੀ ਵਿਚ ਅਭੇਦ ਹੋਣ ਕਰਕੇ ਵਾਹਿਗੁਰੂ ਜੀ ਦਾ ਰੂਪ ਹੀ ਹੋਇਆ ਕਰਦੇ ਹਨ।

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਸਾਧ ਕੀ ਉਪਮਾ***
***ਤਿਹੁ ਗੁਣ ਤੇ ਦੂਰਿ॥***
***ਸਾਧ ਕੀ ਉਪਮਾ ਰਹੀ ਭਰਪੂਰਿ॥***
***ਸਾਧ ਕੀ ਸੋਭਾ ਕਾ ਨਾਹੀ ਅੰਤ॥***
***ਸਾਧ ਕੀ ਸੋਭਾ ਸਦਾ ਬੇਅੰਤ॥***
***ਸਾਧ ਕੀ ਸੋਭਾ ਊਚ ਤੇ ਊਚੀ॥***
***ਸਾਧ ਕੀ ਸੋਭਾ ਮੂਚ ਤੇ ਮੂਚੀ॥***
***ਸਾਧ ਕੀ ਸੋਭਾ ਸਾਧ ਬਨਿ ਆਈ॥***
***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥***
***ਅੰਗ – ੨੭੨***

ਗੁਰੂ ਮਹਾਰਾਜ ਜੀ ਅਸਾਨੂੰ ਸਿਖਾਉਣ ਵਾਸਤੇ ਦਸਦੇ ਹਨ ਕਿ ਤੁਸੀਂ ਅਰਦਾਸ ਕਰੋ ਕਿ ਅਜਿਹੇ ਮਹਾਂਪੁਰਸ਼ਾਂ ਦੀ ਧੂੜੀ ਜੋ ਕ੍ਰੋੜਾਂ ਗੰਗਾ ਦੇ ਮਹਾਤਮ ਨਾਲੋਂ ਵੀ ਵੱਧ ਹੈ, ਉਹ ਸਾਨੂੰ ਮਿਲ ਜਾਵੇ ਜਿਵੇਂ ਕਿ

ਫੁਰਮਾਨ ਹੈ -

*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ।।*
*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ।।*
*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ।।*

**ਅੰਗ - ੮੨੮**

ਸਾਰੇ ਉਪਰਲੇ ਭਾਵ ਨੂੰ ਗੁਰੂ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਫੁਰਮਾਨ ਕੀਤਾ ਹੈ ਕਿ -

*ਰੈਣਿ ਦਿਨਸੁ ਰਹੈ ਇਕ ਰੰਗਾ।।*
*ਪ੍ਰਭ ਕਉ ਜਾਣੈ ਸਦ ਹੀ ਸੰਗਾ।।*
*ਠਾਕੁਰ ਨਾਮੁ ਕੀਓ ਉਨਿ ਵਰਤਨਿ।।*
*ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ।।*
*ਹਰਿ ਸੰਗਿ ਰਾਤੇ ਮਨ ਤਨ ਹਰੇ।।*
*ਗੁਰ ਪੂਰੇ ਕੀ ਸਰਨੀ ਪਰੇ।।*
*ਚਰਣ ਕਮਲ ਆਤਮ ਆਧਾਰ।।*
*ਏਕੁ ਨਿਹਾਰਹਿ ਆਗਿਆਕਾਰ।।*
*ਏਕੋ ਬਨਜੁ ਏਕੋ ਬਿਉਹਾਰੀ।।*
*ਅਵਰੁ ਨ ਜਾਨਹਿ ਬਿਨੁ ਨਿਰੰਕਾਰੀ।।*
*ਹਰਖ ਸੋਗ ਦੁਹਹੂੰ ਤੇ ਮੁਕਤੇ।।*
*ਸਦਾ ਅਲਿਪਤੁ ਜੋਗ ਅਰੁ ਜੁਗਤੇ।।*
*ਦੀਸਹਿ ਸਭ ਮਹਿ ਸਭ ਤੇ ਰਹਤੇ।।*
*ਪਾਰਬ੍ਰਹਮ ਕਾ ਓਇ ਧਿਆਨੁ ਧਰਤੇ।।*
*ਸੰਤਨ ਕੀ ਮਹਿਮਾ ਕਵਨ ਵਖਾਨਉ।।*
*ਅਗਾਧਿ ਬੋਧਿ ਕਿਛੁ*
*ਮਿਤਿ ਨਹੀ ਜਾਨਉ।।*
*ਪਾਰਬ੍ਰਹਮ ਮੋਹਿ ਕਿਰਪਾ ਕੀਜੈ।।*
*ਧੂਰਿ ਸੰਤਨ ਕੀ ਨਾਨਕ ਦੀਜੈ।।*

**ਅੰਗ - ੧੮੧**

ਗੁਰਬਾਣੀ ਅਗਾਧ ਬੋਧ ਹੈ। ਇਸ ਵਿਚ ਜਿੰਨਾਂ ਸੰਤਾਂ ਬਾਰੇ ਗੁਰੂ ਮਹਾਰਾਜ ਜੀ ਨੇ ਖੋਲ੍ਹ ਕੇ ਨਿਰੂਪਣ ਕੀਤਾ ਹੈ ਐਨਾ ਦੁਨੀਆਂ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਹੈ। ਪਰ ਬਹੁਤ ਹੀ ਅਫਸੋਸ ਨਾਲ ਇਹ ਲਿਖਣਾ ਪੈ ਰਿਹਾ ਹੈ ਕਿ ਅਜਕੱਲ ਬਹੁਤ ਸਾਰੀਆਂ ਕਮੇਟੀਆਂ, ਮਿਸ਼ਨਰੀਆਂ, ਕਥਾਕਾਰਾਂ, ਪ੍ਰਚਾਰਕਾਂ ਨੂੰ 'ਸੰਤ' ਅੱਖਰ ਤੋਂ Phobia ਹੋ ਗਿਆ ਹੈ। ਫੋਬੀਆ ਇਕ ਤਰ੍ਹਾਂ ਦੀ ਬਿਮਾਰੀ ਹੁੰਦੀ ਹੈ ਕਿ ਜਿਸ ਚੀਜ਼ ਨੂੰ ਮਨ ਨਾ ਚਾਹੁੰਦਾ ਹੋਵੇ ਉਸ ਚੀਜ਼ ਦਾ ਨਾਮ ਲਿਆਂ ਇਕ ਦਮ ਸਾਰੇ ਸਰੀਰ ਦੇ ਵਿਚ ਇਕ ਵਿਰੋਧੀ ਲਹਿਰ ਚਲ ਕੇ ਆਦਮੀ ਦੀ ਸੂਝ-ਬੂਝ ਪੂਰੀ ਤਰ੍ਹਾਂ ਨਾਲ ਖਤਮ ਕਰ ਦਿਆ ਕਰਦੀ ਹੈ। ਇਕ ਮਿਸਾਲ ਦੇ ਨਾਲ ਗੱਲ ਸਮਝ ਵਿਚ ਆ ਜਾਵੇਗੀ।

ਸੰਸਾਰ ਦਾ ਮਹਾਨ ਯੋਧਾ ਨੈਪੋਲੀਅਨ ਇਕ ਫੈਸਲਾਕੁਨ ਲੜਾਈ ਅੰਗਰੇਜ਼ਾਂ ਨਾਲ ਲੜ ਰਿਹਾ ਸੀ। ਪੈਰ-ਪੈਰ ਉਸਦੀਆਂ ਫੌਜਾਂ ਵਧ ਰਹੀਆਂ ਸਨ। ਉਹ ਦੁਨੀਆਂ ਵਿਚ ਕਿਸੇ ਤੋਂ ਨਹੀਂ ਡਰਦਾ ਸੀ। ਸ਼ੇਰ ਉਸ ਵਾਸਤੇ ਇਕ ਡਰਪੋਕ ਜਾਨਵਰ ਸੀ ਪਰ ਉਸਨੂੰ ਬਿੱਲੀਆਂ ਤੋਂ ਫੋਬੀਆ ਸੀ। ਨੈਲਸਨ, ਜੋ ਅੰਗਰੇਜ਼ਾਂ ਦਾ ਜਵਾਨ ਸੀ ਉਸ ਨੂੰ ਪਤਾ ਸੀ ਕਿ ਨੈਪੋਲੀਅਨ ਬਿੱਲੀਆਂ ਨੂੰ ਦ੍ਰਿਸ਼ਟੀ ਵਿਚ ਨਹੀਂ ਲਿਆ ਸਕਦਾ ਅਤੇ ਇਸਦੇ ਸਰੀਰ ਵਿਚ unnatural ਪਰਿਵਰਤਨ ਹੋ ਜਾਇਆ ਕਰਦਾ ਹੈ। ਇਸ ਕਮਜ਼ੋਰੀ ਨੂੰ ਭਾਂਪਦਿਆਂ ਉਸਨੇ ਜੰਗ ਵਿਚ ਹਜ਼ਾਰਾਂ ਦੀ ਤਦਾਦ ਵਿਚ ਬਿੱਲੀਆਂ ਛਡ ਦਿਤੀਆਂ। ਬਿੱਲੀਆਂ ਨੂੰ ਦੇਖ ਕੇ ਨੈਪੋਲੀਅਨ ਘਬਰਾ ਗਿਆ ਅਤੇ ਜੰਗ ਵਿਚ ਪਿਛੇ ਹਟਦਾ ਗਿਆ ਤੇ ਉਸਦੀਆਂ ਫੌਜਾਂ ਫੈਸਲਾਕੁਨ ਲੜਾਈ ਹਾਰ ਗਈਆਂ। ਇਹ ਫੋਬੀਆ Political ਬੰਦਿਆਂ, ਲੀਡਰਾਂ, ਮਿਸ਼ਨਰੀਆਂ, ਕੱਟੜਾਂ, ਪ੍ਰਚਾਰਕਾਂ ਨੂੰ ਹੋ ਜਾਣ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਨਾ ਸਮਝਦੇ ਹੋਏ ਗੁਰਮੁਖਾਂ, ਸਾਧੂ, ਸੰਤਾਂ, ਬ੍ਰਹਮਗਿਆਨੀਆਂ ਦੀ ਮਹਿਮਾ ਤੋਂ ਇਨਕਾਰੀ ਹੋ ਕੇ ਨਾਸਤਿਕਤਾ ਦੇ ਡੂੰਘੇ ਖੂਹ ਵਿਚ ਗਿਰ ਕੇ ਦਿਨ ਰਾਤ ਕੂਕਦੇ ਰਹਿੰਦੇ ਹਨ ਕਿ ਸੰਤਾਂ ਨੂੰ ਗੁਰਦਵਾਰੇ ਵਿਚ ਨਾ ਵੜਨ ਦੇਵੋ, ਕੀਰਤਨ ਨਾ ਕਰਨ ਦੇਵੋ, ਸੰਤਾਂ ਨੇ ਪੰਥ ਦਾ ਭੱਠਾ ਬਹਾ ਦਿਤਾ ਹੈ। ਜੇ ਉਨ੍ਹਾਂ ਦਾ ਵਸ ਚਲੇ ਤਾਂ ਸੰਤਾਂ ਨੂੰ ਜਾਨ ਤੋਂ ਵੀ ਮਾਰ ਦੇਣ। ਜਿਵੇਂ ਇਸਲਾਮ ਵਿਚ ਸ਼ਰ੍ਹਾ ਦੇ ਪਾਬੰਦ ਰਹਿਣ ਵਾਲੇ ਪ੍ਰੇਮੀਆਂ ਨੇ ਸੁਰਮੱਦ, ਮਨਸੂਰ, ਸਮਸਤਬਰੇਜ਼ ਅਤੇ ਹੋਰ ਬਹੁਤ ਸਾਰੇ ਮੰਜ਼ਿਲੇ ਮਾਰਫਤ ਦੀ ਪ੍ਰਾਪਤੀ ਕਰਨ ਵਾਲੇ ਪੀਰਾਂ, ਫਕਰਾਂ, ਦਰਵੇਸ਼ਾਂ ਨੂੰ ਬਹੁਤ ਹੀ ਤਸੀਹੇ ਦੇ ਕੇ ਮਾਰ ਦਿਤਾ ਸੀ ਕਿਉਂਕਿ ਉਹ ਮਹਾਂਪੁਰਸ਼ ਮੰਜ਼ਿਲੇ ਮਾਰਫਤ ਦੇ ਬਚਨ ਆਪਣੀ ਅਵਸਥਾ ਦੇ ਮੁਤਾਬਿਕ ਕਰਦੇ ਸਨ ਅਤੇ ਸ਼ਰ੍ਹਾ ਤੋਂ ਅਛੋਹ ਰਹਿ ਕੇ ਸੰਸਾਰ ਵਿਚ ਸਤਿ ਦਾ ਜ਼ਿਕਰ ਕਰਿਆ ਕਰਦੇ ਸਨ। ਹਰ ਧਰਮ ਵਿਚ ਦਰਜਾ-ਬ-ਦਰਜਾ ਗੁਰੂਆਂ, ਪੀਰਾਂ, ਸੰਤਾਂ, ਰਿਸ਼ੀਆਂ-ਮੁਨੀਆਂ ਦੇ ਅਵਸਥਾ ਭੇਦ ਨਾਲ ਉਪਦੇਸ਼ ਹੋਇਆ ਕਰਦੇ ਹਨ। ਇਸ ਕਿਸਮ ਦਾ ਉਪਦੇਸ਼ ਉਨ੍ਹਾਂ ਲੋਕਾਂ ਨੂੰ ਹੋਇਆ ਕਰਦਾ ਹੈ ਜੋ ਪਾਪਾਂ ਵਿਚ ਪ੍ਰਵਿਰਤ ਹਨ, ਵਾਹਿਗੁਰੂ ਉਤੇ ਵਿਸ਼ਵਾਸ਼ ਨਹੀਂ ਲਿਆਉਂਦੇ, ਪਾਪ ਕਰਨ ਵੇਲੇ ਕੋਈ ਸੰਕੋਚ ਨਹੀਂ ਮੰਨਦੇ। ਆਪ ਵੀ ਆਪਣੇ ਕਰਮਾਂ ਕਰਕੇ ਦੁਖੀ ਹੁੰਦੇ ਹਨ, ਜੋ ਉਨ੍ਹਾਂ ਦੀ ਸੰਗਤ ਵਿਚ ਆਉਂਦਾ ਹੈ ਉਹ ਵੀ

ਦੁਖੀ ਹੋ ਜਾਇਆ ਕਰਦਾ ਹੈ। ਅਜਿਹੇ ਲੋਕਾਂ ਨੂੰ ਸੁਮੱਤ ਦੇਣ ਵਾਸਤੇ ਤਾੜਨਾ ਭਰੇ ਉਪਦੇਸ਼ ਹੋਇਆ ਕਰਦੇ ਹਨ, ਨਾਲ ਹੀ ਉਸਨੂੰ ਇਸ ਗੱਲ ਦੀ ਸੋਝੀ ਦੇ ਦਿਤੀ ਜਾਂਦੀ ਹੈ ਕਿ ਤੁਸੀਂ ਦੁਨੀਆਂ ਨੂੰ ਸੱਚੀ ਜਾਣ ਕੇ ਦਰਗਾਹ ਤੋਂ ਅੱਖਾਂ ਮੀਟੀਆਂ ਹੋਈਆਂ ਹਨ ਪਰ ਤੁਹਾਨੂੰ ਨਹੀਂ ਪਤਾ, ਇਹ ਸਰੀਰ ਤਾਂ ਸਭ ਦੇ ਹੀ ਨਾਸ਼ਵਾਨ ਹਨ। ਇਸ ਵਿਚ ਸੂਖਸ਼ਮ ਸਰੀਰ ਹੈ ਅਤੇ ਉਸਤੋਂ ਹੋਰ ਸ਼ੁਖਸ਼ਮ ਕਾਰਨ ਸਰੀਰ ਹੈ, ਜਿਨ੍ਹਾਂ ਨੂੰ ਕ੍ਰਮਵਾਰ Physical body, Astral body, Ethereal body; ਸਥੂਲ ਸਰੀਰ, ਸੂਖਸ਼ਮ ਸਰੀਰ ਅਤੇ ਕਾਰਨ ਸਰੀਰ ਕਹਿੰਦੇ ਹਨ। ਸਥੂਲ ਸਰੀਰ ਤਾਂ ਹਰ ਕਿਸੇ ਦਾ ਸੰਸਾਰ ਵਿਚ ਹੀ ਰਹਿ ਜਾਂਦਾ ਹੈ ਅਤੇ ਆਪਣੇ ਮੱਤ-ਮਤਾਂਤਰ ਅਨੁਸਾਰ ਉਸਦਾ ਕ੍ਰਿਆਕ੍ਰਮ ਕਰ ਦਿੰਦੇ ਹਨ। ਸੂਖਸ਼ਮ ਸਰੀਰ ਜਿਸਨੂੰ ਮਹਾਰਾਜ ਜੀ ਜੀਅੜਾ (ਜੀਵ) ਆਖਦੇ ਹਨ, ਉਹ ਕਰਮਾਂ ਦਾ ਬੰਨਿਆ ਹੋਇਆ ਆਪਣੇ ਚੰਗੇ ਜਾਂ ਮੰਦੇ ਫਲ ਭੁਗਤਣ ਲਈ ਸੱਚੀ ਦਰਗਾਹ ਵਿਚ ਜਾ ਕੇ ਲੇਖਾ ਦਿੰਦਾ ਹੈ। ਮੱਕਾ ਸ਼ਰੀਫ ਵਿਚ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਇਸ ਮਸਲੇ ਬਾਰੇ ਪੁਛਿਆ ਗਿਆ ਤਾਂ ਆਪ ਨੇ ਫੁਰਮਾਨ ਕੀਤਾ -

***ਨਾਨਕ ਆਖੈ ਰੇ ਮਨਾ***
***ਸੁਣੀਐ ਸਿਖ ਸਹੀ।।***
***ਲੇਖਾ ਰਬੁ ਮੰਗੇਸੀਆ***
***ਬੈਠਾ ਕਢਿ ਵਹੀ।।***
***ਤਲਬਾ ਪਉਸਨਿ ਆਕੀਆ***
***ਬਾਕੀ ਜਿਨਾ ਰਹੀ।।***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ।।***
***ਆਵਣੁ ਜਾਣੁ ਨ ਸੁਝਈ***
***ਭੀੜੀ ਗਲੀ ਫਹੀ।।***
***ਕੂੜ ਨਿਖੁਟੇ ਨਾਨਕਾ***
***ਓੜਕਿ ਸਚਿ ਰਹੀ।।*** ***ਅੰਗ - ੯੫੩***

ਇਸ ਤਰ੍ਹਾਂ ਨਾਲ ਜੀਵ ਉਸ ਸਮੇਂ ਤਕ ਕਰਮਾਂ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਜਦੋਂ ਤਕ ਕਿ ਉਸਦੀ ਹਉਮੈ ਦਾ ਪੂਰਨ ਤੌਰ ਤੇ ਨਾਸ਼ ਹੋ ਕੇ ਉਸਨੂੰ ਆਤਮ ਗਿਆਨ ਤੇ ਪ੍ਰਮਾਤਮ ਗਿਆਨ ਨਹੀਂ ਹੁੰਦਾ। ਉਸ ਨੂੰ ਬਾਰ-ਬਾਰ ਜੰਮਣਾ-ਮਰਨਾ ਪੈਂਦਾ ਹੈ। ਆਪਣੇ ਕਰਮਾਂ ਦੇ ਫਲ ਭੋਗਦਾ ਹੈ। ਜੇ ਉਸ ਜੀਵ ਨੇ ਸੰਸਾਰ ਵਿਚ ਆ ਕੇ ਪਾਪ ਕਰਮ ਕੀਤੇ ਹਨ ਨਿੰਦਿਆ, ਚੁਗਲੀ, ਈਰਖਾ ਪਰਾਏ ਧੰਨ ਲੁਟਣੇ, ਹਤਿਆਵਾਂ ਕਰਨੀਆਂ, ਧੋਖੇ ਦੇਣੇ, ਛਲ ਕਰਨੇ, ਕਪਟ ਕਰਨੇ, ਵਿਭਚਾਰ ਕਰਨੇ ਆਦਿ ਕਰਮ ਕੀਤੇ ਹਨ ਤਾਂ ਲੇਖਾ ਦੇਣ ਸਮੇਂ ਅਤੇ ਉਸ ਦੇ ਪਿਛੋਂ ਸਜ਼ਾ ਭੁਗਤਣ ਸਮੇਂ ਉਹ ਜੀਵ ਸੂਖਸ਼ਮ ਮੰਡਲਾਂ ਵਿਚ ਨਰਕ ਭੋਗਦਾ ਬਹੁਤ ਦੁਖੀ ਹੁੰਦਾ ਹੈ। ਅੰਸ਼ ਮਾਤਰ ਫੁਰਮਾਨ ਹੈ -

***ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ।।***
***ਨਾਨਕ ਜਿਉ ਮਥਨਿ ਮਧਾਣੀਆ***
***ਤਿਉ ਮਥੇ ਧ੍ਰਮਰਾਇ।।*** ***ਅੰਗ - ੧੪੨੫***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ।।***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।।***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ।।***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ।।***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।।***
***ਅੰਗ - ੩੧੫***

ਇਕ ਥਾਂ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ।।***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ।।***
***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ।।***
***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ।।*** ***ਅੰਗ - ੩੮***

ਸੋ ਉਨ੍ਹਾਂ ਵਾਸਤੇ ਗੁਰਬਾਣੀ ਵਿਚ ਉਪਦੇਸ਼ ਹਨ, ਉਹ ਸਾਰੇ ਅਤੇ ਜੋ ਕਰਮ-ਕਾਂਡ ਅਤੇ ਸ਼ਰ੍ਹਾ ਪਾਲਣ ਦੇ ਉਪਦੇਸ਼ ਹਨ ਉਹ ਸ਼ਰੀਅਤ ਦੀ category (ਸ਼੍ਰੇਣੀ) ਵਿਚ ਆ ਜਾਂਦੇ ਹਨ।

ਦੂਸਰੇ ਕਿਸਮ ਦੇ ਉਪਦੇਸ਼ ਉਨ੍ਹਾਂ ਪ੍ਰੇਮੀਆਂ ਵਾਸਤੇ ਹੋਇਆ ਕਰਦੇ ਹਨ ਜਿਹੜੇ ਪਾਪ ਕਰਮਾਂ ਤੋਂ ਸਦਾ ਹੀ ਬਚਦੇ ਰਹਿੰਦੇ ਹਨ, ਬਾਣੀ ਦਾ ਪਾਠ ਕਰਦੇ ਹਨ, ਨਾਮ ਜਪਦੇ ਹਨ ਅਤੇ ਸੇਵਾ ਕਰਦੇ ਹਨ, ਦੂਜਿਆਂ ਦਾ ਭਲਾ ਕਰਦੇ ਹਨ, ਆਪਣੀ ਕਿਰਤ ਕਮਾਈ ਵਿਚੋਂ ਦਾਨ ਦਿੰਦੇ ਹਨ। ਉਨ੍ਹਾਂ ਲਈ ਰੌਚਕ ਉਪਦੇਸ਼ ਹੋਇਆ ਕਰਦੇ ਹਨ। ਜਿਸ ਤਰ੍ਹਾਂ ਸੁਖਮਨੀ ਸਾਹਿਬ ਵਿਚ ਨਾਮ ਸਿਮਰਨ ਦੀਆਂ ਬਰਕਤਾਂ ਪਹਿਲੀ ਅਸਟਪਦੀ ਵਿਚ ਖੋਲ੍ਹ ਕੇ ਦਸੀਆਂ ਗਈਆਂ ਹਨ। ਇਨ੍ਹਾਂ ਪ੍ਰੇਮੀਆਂ ਦੇ ਉਪਦੇਸ਼ ਰੌਚਕ category ਵਿਚ ਆਉਂਦੇ ਹਨ।

ਤੀਸਰੇ ਉਹ ਪ੍ਰੇਮੀ ਹੋਇਆ ਕਰਦੇ ਹਨ ਜੋ ਬਾਣੀ ਦੀ ਕਮਾਈ ਕਰਕੇ, ਨਾਮ ਦੀ ਘਾਲ ਕਮਾਈ ਕਰਕੇ ਵਿਵੇਕ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦੇ ਹਨ। ਜਿਨ੍ਹਾਂ ਨੂੰ ਗੁਰੂ ਦੀ ਮਿਹਰ ਦੇ ਨਾਲ ਸਤਿ ਦਾ ਗਿਆਨ

ਹੋ ਜਾਇਆ ਕਰਦਾ ਹੈ, ਉਹ ਆਤਮ ਚਿੰਤਨ, ਬ੍ਰਹਮ ਚਿੰਤਨ ਵਿਚ ਲਿਵਲੀਨ ਰਹਿੰਦੇ ਹਨ। ਉਨ੍ਹਾਂ ਲਈ ਯਥਾਰਥ ਉਪਦੇਸ਼ ਹੋਇਆ ਕਰਦੇ ਹਨ। ਤਿੰਨਾਂ ਕਿਸਮਾਂ ਦੇ ਹੀ ਉਪਦੇਸ਼ ਪੂਰੀ ਤਰ੍ਹਾਂ ਦੇ ਨਾਲ ਅਵਸਥਾ ਭੇਦ ਨਾਲ ਸਤਿ ਹੋਇਆ ਕਰਦੇ ਹਨ। ਸੋ ਇਸ ਤਰ੍ਹਾਂ ਨਾਲ ਉਨ੍ਹਾਂ ਧਰਮਾਵਲੰਬੀਆਂ ਦੀਆਂ ਵੀ categories (ਸ਼੍ਰੇਣੀਆਂ) ਹੋਇਆ ਕਰਦੀਆਂ ਹਨ। ਪਹਿਲੀ ਨੂੰ **'ਸ਼ਰੀਅਤ'** ਆਖਦੇ ਹਨ ਜੋ ਸ਼ਰ੍ਹਾ ਤੋਂ ਉਪਰ ਨਹੀਂ ਸੋਚਿਆ ਕਰਦੇ ਦੂਸਰਿਆਂ ਨੂੰ। ਦੂਸਰੀ ਅਵਸਥਾ **'ਤਰੀਕਤ'** ਹੋਇਆ ਕਰਦੀ ਹੈ, ਤੀਸਰੀ ਨੂੰ **'ਹਕੀਕਤ'** ਆਖਦੇ ਹਨ ਅਤੇ ਅੰਤਮ ਨੂੰ **'ਮਾਰਫਤ'** ਆਖਿਆ ਜਾਂਦਾ ਹੈ। ਇਸ ਵਾਸਤੇ ਜੋ ਪ੍ਰਾਇਮਰੀ ਜਮਾਤ ਦੇ student ਹਨ ਉਹ ਆਰਫਾਂ, ਦਰਵੇਸ਼ਾਂ, ਸੰਤਾਂ, ਸਾਧੂਆਂ, ਮਹਾਂਪੁਰਸ਼ਾਂ ਬਾਰੇ ਕੁਝ ਵੀ ਨਹੀਂ ਜਾਣਦੇ ਅਤੇ ਉਨ੍ਹਾਂ ਨੂੰ ਮਾਰਫਤ ਦੇ ਬਚਨ ਸੁਣ ਕੇ ਫਤਵੇ ਲਾ ਦਿਆ ਕਰਦੇ ਹਨ। ਹਰ ਧਰਮ ਵਿਚ ਆਮ ਤੌਰ ਤੇ ਸ਼ਰ੍ਹਾ ਵਾਲੇ ਗਿਆਨ ਦੇ ਚਕਸ਼ੂਆਂ ਤੋਂ ਹੀਣੇ ਹੋਇਆ ਕਰਦੇ ਹਨ। ਉਹ ਆਪਣੇ ਮੱਤ ਅਨੁਸਾਰ ਵਰਤ ਕੇ ਸਤਿ ਦੇ ਖੋਜੀਆਂ ਨੂੰ ਸਜ਼ਾਵਾਂ ਦਿੰਦੇ ਆਏ ਹਨ ਇਸੇ ਤਰ੍ਹਾਂ ਨਾਲ ਅਸਾਡੇ ਧਰਮ ਵਿਚ ਅਜਕਲ ਇਕ ਰਿਵਾਜ ਹੀ ਬਣ ਗਿਆ ਹੈ ਕਿ ਸੰਤਾਂ ਦੀ ਖੂਬ ਜੀਅ ਭਰ ਕੇ ਨਿੰਦਿਆ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਮਾਜ ਵਿਚ ਐਨਾ ਬਦਨਾਮ ਕੀਤਾ ਜਾਵੇ ਕਿ ਲੋਕ ਉਨ੍ਹਾਂ ਨਾਲ ਨਫਰਤ ਕਰਨ ਲਗ ਜਾਣ; ਇਹ ਹੁੰਦਾ ਹੀ ਆਇਆ ਹੈ।

ਕਬੀਰ ਸਾਹਿਬ ਨੂੰ ਤੰਗ ਕਰਨ ਵਾਸਤੇ ਜੱਗ ਦੇ ਸੱਦਾ-ਪੱਤਰ ਭੇਜ ਦਿਤੇ। ਹਜ਼ਾਰਾਂ ਦੀ ਤਦਾਦ ਵਿਚ ਸਾਧੂ, ਮਹਾਂਪੁਰਸ਼ ਤੇ ਆਮ ਦੁਨੀਆਂ ਇਕੱਠੀ ਹੋ ਗਈ ਪਰ ਦੂਜੇ ਪਾਸੇ ਅਜਿਹੇ ਪਾਮਰਾਂ ਨਾਲ ਮੁਕਾਬਲਾ ਕਰਨ ਲਈ ਉਨ੍ਹਾਂ ਦਾ ਪਿਆਰਾ ਵਾਹਿਗੁਰੂ ਹੋਇਆ ਕਰਦਾ ਹੈ। ਉਸ ਵਾਹਿਗੁਰੂ ਨੇ ਆਪਣੇ ਪਿਆਰੇ ਨੂੰ ਪਰੇਸ਼ਾਨ ਤਕ ਕੇ ਆਪ ਆ ਕੇ ਬਹੁਤ ਵੱਡਾ ਜੱਗ ਕੀਤਾ। ਰਵਿਦਾਸ ਜੀ ਦਾ ਚਿਤੌੜਗੜ੍ਹ ਦੀ ਰਾਣੀ ਝਾਲੀ ਦੇ ਘਰ ਬਹੁਤ ਹੀ ਅਪਮਾਨ ਕੀਤਾ ਅਤੇ ਬਣੇ ਬਣਾਏ ਬ੍ਰਹਮ ਭੋਜ ਦੇ ਭੰਡਾਰੇ ਛੱਡ ਕੇ ਕਿਹਾ ਕਿ ਜੇ ਰਵਿਦਾਸ ਖਾਵੇਗਾ ਤਾਂ ਅਸੀਂ ਬਿਲਕੁਲ ਨਹੀਂ ਖਾਣਾ, ਜਾਂ ਫਿਰ ਸਾਨੂੰ ਪਹਿਲਾਂ ਬ੍ਰਹਮ ਭੋਜ ਛਕਾਵੋ ਤਾਂ ਅਸੀਂ ਛਕਾਂਗੇ। ਰਵਿਦਾਸ ਜੀ ਅਲੱਗ ਕਮਰੇ ਵਿਚ ਬੈਠ ਜਾਂਦੇ ਹਨ, ਇਹ ਕੱਟੜ ਹੰਕਾਰੀ ਤੇ ਨਿੰਦਕ, ਬ੍ਰਾਹਮਣ ਪੰਗਤ ਲਾ ਕੇ ਬੈਠ ਗਏ। ਵਾਹਿਗੁਰੂ ਜੀ ਨੂੰ ਇਹ ਨਾ ਭਾਈ ਅਤੇ ਉਹ ਰਵਿਦਾਸ ਜੀ ਦਾ ਰੂਪ ਧਾਰ ਕੇ ਸਾਰੇ ਬ੍ਰਾਹਮਣਾਂ ਦੇ ਨਾਲ ਹੋ ਕੇ ਬੈਠ ਗਏ। ਉਨ੍ਹਾਂ ਨੇ ਆਪਣੇ ਭਗਤ ਦੀ ਪੈਜ ਰਖੀ। ਸੋ ਇਸ ਤਰ੍ਹਾਂ ਨਾਲ ਦੁਸ਼ਟ ਤੇ ਦੋਖੀ ਪੁਰਸ਼ ਸਦਾ ਤੋਂ ਹੀ ਸਾਧੂਆਂ ਨੂੰ ਦੁਖ ਦੇਣ ਦੇ ਜਤਨ ਕਰਦੇ ਆਏ ਹਨ। ਪਰ ਸੰਤਾਂ ਵਲ ਵਾਹਿਗੁਰੂ ਜੀ ਹਨ। ਗੁਰਬਾਣੀ ਦੇ ਮੁਤਾਬਿਕ -

***ਜਿਸ ਕੇ ਸਿਰ ਊਪਰਿ***
***ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।।***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ***
***ਮਰਣਾ ਚੀਤਿ ਨ ਆਵੈ।।***
***ਮੇਰੇ ਰਾਮਰਾਇ ਤੂੰ ਸੰਤਾ ਕਾ ਸੰਤ ਤੇਰੇ।।***
***ਤੇਰੇ ਸੇਵਕ ਕਉ ਭਉ ਕਿਛੁ ਨਾਹੀ***
***ਜਮੁ ਨਹੀ ਆਵੈ ਨੇਰੇ।।*** ***ਅੰਗ - ੭੪੯***

***ਜਿਸ ਦੈ ਹੋਵੈ ਵਲਿ***
***ਸੁ ਕਦੇ ਨ ਹਾਰਦਾ।।*** ***ਅੰਗ - ੫੧੯***

ਇਹ ਅਟੱਲ ਨਿਯਮ ਹਨ ਵਾਹਿਗੁਰੂ ਜੀ ਦੇ। ਸੰਤਾਂ ਮਹਾਂਪੁਰਸ਼ਾਂ ਦੀ ਮਹਿਮਾ ਕਰਾਉਣ ਵਾਸਤੇ ਆਪੇ ਹੀ ਦੁਸ਼ਟ, ਦੋਖੀਆਂ, ਨਿੰਦਕਾਂ ਨੂੰ ਉਨ੍ਹਾਂ ਦੇ ਪਿਛੇ ਲਾ ਦਿੰਦਾ ਹੈ। ਆਪ ਹੀ ਰਾਖਾ ਹੋ ਕੇ ਉਨ੍ਹਾਂ ਦੀ ਰਾਖੀ ਕਰਦਾ ਹੈ। ਇਕ ਥਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਆਪੇ ਦੈਤ ਲਾਇ ਦਿਤੇ***
***ਸੰਤ ਜਨਾ ਕਉ ਆਪੇ ਰਾਖਾ ਸੋਈ।।***
***ਜੋ ਤੇਰੀ ਸਦਾ ਸਰਣਾਈ***
***ਤਿਨ ਮਨਿ ਦੁਖੁ ਨ ਹੋਈ।।*** ***ਅੰਗ - ੧੧੩੩***

***ਆਪਸ ਕਉ ਬਹੁ ਭਲਾ ਕਰਿ ਜਾਣਹਿ***
***ਮਨਮੁਖਿ ਮਤਿ ਨ ਕਾਈ।।***
***ਸਾਧੂ ਜਨ ਕੀ ਨਿੰਦਾ ਵਿਆਪੇ***
***ਜਾਸਨਿ ਜਨਮੁ ਗਵਾਈ।।***
***ਰਾਮ ਨਾਮੁ ਕਦੇ ਚੇਤਹਿ ਨਾਹੀ***
***ਅੰਤਿ ਗਏ ਪਛੁਤਾਈ।।*** ***ਅੰਗ - ੬੦੧***
***ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ***
***ਕਿਆ ਪਾਪੀ ਕਰੀਐ।।***
***ਗੁਮਾਨੁ ਕਰਹਿ ਮੂੜ ਗੁਮਾਨੀਆ***
***ਵਿਸੁ ਖਾਧੀ ਮਰੀਐ।।*** ***ਅੰਗ - ੩੧੬***

ਜੋ ਅਜਕਲ ਸੰਤਾਂ ਦੇ ਖਿਲਾਫ ਕੱਟੜ ਪੰਥੀਆਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ ਕਿ ਸੰਤਾਂ ਸਾਧੂਆਂ ਨਾਲ ਕੋਈ ਤਾਲੁਕ ਨਾ ਰੱਖੋ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਸੰਤਾਂ ਨੇ ਪੰਥ ਦਾ ਭੱਠਾ ਬਹਾ ਦਿਤਾ। ਅਜਿਹੀਆਂ ਗੱਲਾਂ ਸੁਣ ਕੇ ਸੰਤਾਂ ਨੂੰ ਕੋਈ ਖੇਦ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਵਾਹਿਗੁਰੂ ਜੀ ਵਲੋਂ ਦਿਤੇ

ਹੋਏ ਕਾਰਜ ਨੂੰ ਬਿਨਾਂ ਉਸਤਤਿ ਤੇ ਨਿੰਦਿਆ ਦੀ ਪਰਵਾਹ ਕੀਤਿਆਂ ਨਿਭਾਉਂਦੇ ਹੀ ਰਹਿਣਾ ਹੈ, ਇਸ ਉਤੇ ਵਿਚਾਰ ਅੱਗੇ ਚਲ ਕੇ ਕੀਤੀ ਜਾਵੇਗੀ।

ਕੁਝ ਖਰੀਆਂ-ਖਰੀਆਂ – ਸੰਤਾਂ ਵਲੋਂ ਜੋ ਉਦਾਸੀ ਧਾਰਨ ਕਰਕੇ ਐਸੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ ਉਨ੍ਹਾਂ ਉਤੇ ਸਾਰੇ ਸਿੱਖ ਪੰਥ ਦੇ ਸੰਤਾਂ ਨੂੰ ਗੰਭੀਰ ਵਿਚਾਰ ਕਰਨੀ ਚਾਹੀਦੀ ਹੈ। ਜੇ ਸਾਰਾ ਦੋਸ਼ ਦੂਸਰਿਆਂ ਨੂੰ ਦੇਈਏ ਤਾਂ ਇਹ ਭੀ ਬਿਲਕੁਲ ਗਲਤ ਹੈ ਪਹਿਲਾਂ ਸਾਨੂੰ ਵਿਚਾਰ ਕਰਨੀ ਪਵੇਗੀ ਕਿ ਕੀ ਸਾਰੇ ਅਖੌਤੀ ਸੰਤ ਉਸ ਕਸਵੱਟੀ ਉਪਰ ਪੂਰਾ ਉਤਰਦੇ ਹਨ, ਜੋ ਪਹਿਲਾਂ ਵਿਸਥਾਰ ਨਾਲ ਲਿਖੀ ਸੰਤ ਰਹਿਤ ਵਿਚ, ਸੰਤਾਂ ਦੀ ਰਹਿਣੀ, ਸਹਿਣੀ ਤੇ ਕਹਿਣੀ ਦਰਸਾਈ ਗਈ ਹੈ? ਮੈਂ ਇਸ ਗੱਲ ਦੀ ਮਾਫੀ ਮੰਗਦਾ ਹਾਂ ਕਿ ਮੈਥੋਂ ਬਿਨਾਂ ਸਾਰੇ ਹੀ ਸਨਮਾਨਯੋਗ ਸਾਧੂ, ਸੰਤ ਸਤਿਕਾਰ ਲੈਣ ਦੇ ਯੋਗ ਹਨ ਅਤੇ ਮੈਂ ਹੀ ਇਨ੍ਹਾਂ ਵਿਚ ਵਾਧੂ ਰਲਾਇਆ ਗਿਆ ਹਾਂ ਕਿਉਂਕਿ ਮੈਂ ਕਦੇ ਵੀ ਇਹ ਭਾਵਨਾ ਨਹੀਂ ਧਾਰੀ ਕਿ ਮੈਨੂੰ ਕੋਈ 'ਸੰਤ' ਅਖਰ ਕਹਿ ਕੇ ਬੁਲਾਏ ਜਾਂ ਸੰਤ ਕਹਿਕੇ ਲਿਖੇ ਜਾਂ ਸੰਤ ਜਾਣ ਕੇ ਸਤਿਕਾਰ ਕਰੇ। ਇਹ ਗੱਲ ਮੈਂ ਧੁਰ ਹਿਰਦੇ ਵਿਚੋਂ ਆਖ ਰਿਹਾ ਹਾਂ ਕਿਉਂਕਿ ਮੈਂ ਤਾਂ ਇਕ ਕਿਸਾਨ ਸੀ, ਗੁਰੂ ਮਹਾਰਾਜ ਨੇ ਪ੍ਰੇਰਨਾ ਕੀਤੀ ਕਿ ਤੇਰੇ ਸਾਥੀ ਸ਼ਰਾਬਾਂ ਵਿਚ ਗੁਲਤਾਨ ਹਨ, ਬਹੁਤ ਹੀ ਨਿੰਦਨੀ ਕਰਮ ਕਰਦੇ ਹਨ। ਜੇ ਅਜਿਹੀ ਹਾਲਤ ਹੀ ਰਹੀ ਤਾਂ ਇਹ ਛੇਤੀਂ ਤੋਂ ਛੇਤੀਂ ਸਿੱਖੀ ਦਾ ਸਰੂਪ ਤਿਆਗ ਕੇ ਵਿਸ਼ੇ-ਵਿਕਾਰਾਂ ਵਿਚ, ਨਸ਼ਿਆਂ ਵਿਚ ਪਰਵਿਰਤ ਹੋ ਜਾਣਗੇ। ਲਗਾਤਾਰ 25 ਸਾਲ ਯੂ.ਪੀ. ਅਤੇ ਰੋਪੜ ਵਿਚ ਘਰ-ਘਰ ਜਾ ਕੇ ਆਪਣਾ ਹੀ ਸਾਰਾ ਖਰਚ ਕਰਕੇ ਬਗੈਰ ਕਿਸੇ ਤੋਂ ਸਿਰੋਪਾਓ ਲਿਆਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਦਿਤਾ, ਜਿਸ ਦੇ ਫਲਸਰੂਪ ਅੱਜ ਤਿੰਨ ਲੱਖ, ਸੱਠ ਹਜ਼ਾਰ ਦੀ ਗਿਣਤੀ ਵਿਚ ਨਸ਼ੇ ਖਾਣ ਵਾਲੇ, ਗੁਰਮਤਿ ਤੋਂ ਅਣਜਾਣ, ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਏ। ਕਦੇ ਭੁੱਲ ਕੇ ਵੀ ਕਿਸੇ ਦੇ ਘਰ ਜਾਂ ਕਿਸੇ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਿਆ। ਆਪਣੇ ਕੋਲ ਹੀ ਘਰੋਂ ਲੈ ਕੇ ਜਾਂਦਾ ਹਾਂ। ਬਹੁਤ ਸੋਹਣਾ ਸੱਤ ਟਿਊਬਵੈਲ ਤੇ ਚਾਰ ਮੋਘਿਆਂ ਵਾਲਾ ਆਪਣਾ ਫਾਰਮ ਸੀ, ਉਸ ਨੂੰ ਵੇਚ ਕੇ ਅਸਾਡੇ ਨਿਰਬਾਹ ਵਾਸਤੇ ਗੁਰੂ ਮਹਾਰਾਜ ਜੀ ਨੇ ਬਹੁਤ ਕੁਝ ਦੇ ਦਿਤਾ। ਸਾਰੇ ਬੱਚੇ Foreign ਵਿਚ ਸੈਟ ਹੋ ਗਏ। ਆਪ ਸਾਰੇ ਕੰਮ ਛੱਡ ਕੇ ਇਸੇ ਕੰਮ ਉਪਰ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਹਨ੍ਹੇਰੀਆਂ ਨੁਕਰਾਂ ਤਕ ਪਹੁੰਚਾਇਆ ਜਾਵੇ। ਜ਼ਿਲਾ ਰੋਪੜ ਦੇ ਲੋਕ ਨਸ਼ਿਆਂ ਵਿਚ ਪਰਵਿਰਤ ਸਨ; ਤਮਾਕੂ ਖਾਂਦੇ ਸਨ, ਤਮਾਕੂ ਬੀਜਦੇ ਸਨ; ਕਿਤੇ-ਕਿਤੇ ਹੀ ਕੋਈ ਗੁਰਸਿੱਖ ਨਜ਼ਰ ਆਇਆ ਕਰਦਾ ਸੀ ਪਰ ਅਜ ਜ਼ਿਲਾ ਰੋਪੜ, ਬਨੂੜ, ਲਾਲੜੂ ਅਤੇ ਰਾਜਪੁਰੇ ਦਾ ਪਛੜਿਆ ਹੋਇਆ ਇਲਾਕਾ ਸਿੱਖੀ ਵਿਚ ਸਾਰੇ ਪੰਜਾਬ ਵਿਚ ਪਹਿਲੇ ਨੰਬਰ ਤੇ ਹੈ। ਮੈਨੂੰ ਇਥੇ ਪੰਜਾਬ ਵਿਚ ਆਇਆਂ ੧੭ ਸਾਲ ਹੋ ਗਏ ਹਨ ਪਰ ਮੈਂ ਹੈਰਾਨ ਹਾਂ ਕਿ ਵੱਡੀਆਂ ਟਾਰ੍ਹਾਂ ਮਾਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਜਾਂ ਜਥੇਦਾਰ ਕਦੇ ਕਿਸੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਨਹੀਂ ਦੇਖੇ ਗਏ। ਇਸ ਗੱਲ ਦਾ ਮੈਨੂੰ ਕੋਈ ਖਿਆਲ ਨਹੀਂ ਕਿ ਉਹ ਧਰਮ ਪ੍ਰਚਾਰ ਵਿਚ ਹਿਸਾ ਕਿਉਂ ਨਹੀਂ ਲੈਂਦੇ? ਗੁਰੂ ਮਹਾਰਾਜ ਦੀ ਮੌਜ ਹੈ ਜਿਸ ਤੋਂ ਕੰਮ ਲੈਣਾ ਹੈ ਉਸ ਤੋਂ ਲੈ ਹੀ ਲੈਣਾ ਹੈ। ਮੈਂ ਕਦੇ ਵੀ ਕੋਈ ਭੇਖ ਨਹੀਂ ਸੀ ਬਣਾਇਆ, ਆਪਣੇ ਸਰਦਾਰੀ ਲਿਬਾਸ ਵਿਚ ਕੀਰਤਨ ਵਖਿਆਨ ਕਰਿਆ ਕਰਦਾ ਸੀ। ਸੰਗਤਾਂ ਮੈਨੂੰ ਸੰਤ ਕਿਉਂ ਕਹਿਣ ਲਗ ਗਈਆਂ, ਇਸ ਗੱਲ ਦਾ ਉਤਰ ਉਨ੍ਹਾਂ ਪਾਸ ਹੀ ਹੈ। ਪਹਿਲਾਂ-ਪਹਿਲਾਂ ਚੰਗਾ ਨਾ ਲੱਗਿਆ, ਹੁਣ ਜਦ ਕਹਿਣ ਅਤੇ ਲਿਖਣ ਤੋਂ ਹਟਦੇ ਹੀ ਨਹੀਂ ਫੇਰ ਮੈਂ ਚੁੱਪ ਕਰ ਗਿਆ। ਅਜੇ ਤਕ ਵੀ ਮੇਰੇ ਅੰਦਰ ਇਹ ਖਿਆਲ ਆ ਜਾਂਦਾ ਹੈ ਕਿ ਸਰਦਾਰ ਤੋਂ ਸੰਤ ਕਿਵੇਂ ਬਣਾ ਦਿਤਾ ਗਿਆ? ਕੋਈ ਭੇਖ ਨਹੀਂ ਬਦਲਿਆ; ਸਹੂਲਤ ਵਾਸਤੇ, ਸੁਖਾਲਾ ਰਹਿਣ ਵਾਸਤੇ ਪੈਂਟ, ਬੁਸ਼ਰਟ, ਕੋਟ, ਟਾਈ ਦੀ ਥਾਂ ਕੁੜਤਾ, ਪਜ਼ਾਮਾ ਪਹਿਨ ਲਿਆ। ਇਹ ਗੱਲਾਂ ਮੈਂ ਤਾਂ ਲਿਖ ਰਿਹਾ ਹਾਂ ਕਿਉਂਕਿ ਮੈਂ ਕੁਝ ਕੌੜੀਆਂ-ਕੁਸੈਲੀਆਂ ਗੱਲਾਂ ਆਪਣੇ ਸਾਥੀਆਂ ਨਾਲ ਕਰਨੀਆਂ ਹਨ ਜਿਸ ਵਿਚ ਮੈਨੂੰ ਅਜਕੱਲ ਸ਼ਾਮਿਲ ਕਰ ਦਿਤਾ ਗਿਆ ਹੈ।

1. ਸੰਤ ਜੋ ਅਜਕੱਲ ਪੰਜਾਬ ਵਿਚ ਜਾਂ ਬਾਹਰਲੇ ਸੂਬਿਆਂ ਵਿਚ ਹਨ ਉਨ੍ਹਾਂ ਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਅਜਿਹੇ ਨਿਰਾਦਰੀ ਦੇ ਬਚਨ ਕਿਉਂ ਬੋਲੇ ਜਾਂ ਲਿਖੇ ਜਾ ਰਹੇ ਹਨ। ਮੇਰੀ ਸੰਨਿਮਰ ਬੇਨਤੀ ਹੈ ਕਿ ਉਹ ਆਪਣੀ ਨਿੱਜੀ ਪੜਚੋਲ ਕਰਕੇ ਵੇਖਣ ਕਿ ਕੀ ਉਨ੍ਹਾਂ ਦੀ ਰਹਿਤ ਸੰਤਾਂ ਵਾਲੀ ਹੈ ਜਾਂ ਇਸਦੇ ਵਿਪਰੀਤ ਹੈ? ਕੀ ਤਪ, ਤਿਤੀਕਸ਼ਾ, ਸਮ ਤੇ ਦਮ ਦੀਆਂ ਰਹਿਤਾਂ ਉਨ੍ਹਾਂ ਦੀਆਂ ਸੰਤਾਂ ਵਾਲੀਆਂ ਹਨ ਜਾਂ ਇਸਦੇ ਵਿਪਰੀਤ ਹਨ? ਮੈਂ ਦੋਵੇਂ ਹੱਥ ਜੋੜ ਕੇ ਕੁਝ ਖਰੀਆਂ ਗੱਲਾਂ ਕਹਿਣ ਲੱਗਿਆ ਹਾਂ; ਮੈਨੂੰ ਇਸ ਦੋਸ਼ ਤੋਂ ਮਾਫ ਕਰ ਦੇਣ ਜੇ ਕਿਸੇ ਨੂੰ ਇਹ ਬੁਰੀਆਂ ਲਗਣ। ਮੇਰੇ ਵਿਚਾਰ ਵਿਚ ਅਜਕੱਲ ਬਹੁਤ ਸਾਰੇ ਸੰਤਾਂ ਨੇ ਕੇਵਲ ਭੇਖ ਦੀ ਓਟ ਲਈ ਹੋਈ ਹੈ ਅਤੇ ਕਰਨੀ ਕਮਾਈ ਸੰਤ ਸੇਵਕਾਂ

ਵਾਲੀ ਵੀ ਨਹੀਂ ਪ੍ਰਤੀਤ ਦਿੰਦੀ। ਹੁਣ ਤੋਂ ਪਹਿਲਾਂ ਜਿੰਨੇ ਵੀ ਮਹਾਂਪੁਰਸ਼ ਹੋ ਚੁਕੇ ਹਨ ਉਨ੍ਹਾਂ ਦੀ ਮਹਿਮਾ ਕਿੰਨੀ ਸੀ, ਉਨ੍ਹਾਂ ਦੇ ਵਿਚ ਅਥਾਹ ਸ਼ਕਤੀਆਂ ਦਾ ਪ੍ਰਵਾਹ ਚਲਦਾ ਸੀ। ਉਹ ਸਹੰਸਰਾਰ ਦਲ ਕਮਲ ਵਿਚੋਂ ਪ੍ਰਗਟ ਹੋਈਆਂ ਸ਼ਕਤੀਆਂ ਨੂੰ ਪਿੱਠ ਦੇ ਕੇ ਦਸਮ ਦੁਆਰ ਤੋਂ ਉਪਰ ਸਚਖੰਡ ਤਕ ਪਹੁੰਚ ਰਖਦੇ ਸਨ। ਉਨ੍ਹਾਂ ਦੇ ਬਚਨ ਸਤਿ ਹੁੰਦੇ ਸਨ। ਉਨ੍ਹਾਂ ਵਿਚ ਅਨੇਕ ਸ਼ਕਤੀਆਂ ਪਰਖਣ ਵਿਚ, ਦੇਖਣ ਵਿਚ, ਸੁਣਨ ਵਿਚ ਆਈਆਂ ਪਰ ਹੁਣ ਥੋੜ੍ਹੇ ਜਿਹੇ ਮਹਾਤਮਾਵਾਂ ਨੂੰ ਛੱਡ ਕੇ, ਬਹੁਤ ਸਾਰੇ ਕੇਵਲ ਭੇਖ ਦਾ ਆਸਰਾ ਲੈ ਕੇ ਸੰਤ ਕਹਾ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅੱਜ ਸੰਸਾਰ ਵਿਚ ਪ੍ਰਗਟ ਕਰਨ ਲਈ ਸੰਤਾਂ ਦੀ ਪ੍ਰਮੁੱਖ ਡਿਊਟੀ ਹੈ ਕਿਉਂਕਿ ਉਹ ਵਾਹਿਗੁਰੂ ਜੀ ਵਲੋਂ ਇਸੇ ਕੰਮ ਨੂੰ ਕਰਨ ਲਈ ਭੇਜੇ ਗਏ ਹਨ। ਪਹਿਲੇ ਮਹਾਤਮਾ ਵਿਦਿਆ ਲੈਣ ਲਈ ਉਚ ਕੋਟੀ ਦੇ ਮਹਾਂਪੁਰਸ਼ਾਂ ਪਾਸ ਜਾ ਕੇ ਗੂੜ੍ਹ ਆਤਮ ਵਿਦਿਆ ਦਾ ਅਧਿਐਨ ਕਰਿਆ ਕਰਦੇ ਸਨ ਪਰ ਹੁਣ ਜਦੋਂ ਤੋਂ ਟੇਪਾਂ ਤੇ ਵੀਡੀਓ ਫਿਲਮਾਂ ਚਲੀਆਂ ਹਨ, ਬਹੁਤ ਸਾਰੇ ਐਸੇ ਲੋਕ ਭੇਖ ਧਾਰ ਕੇ ਸੰਤ ਸਮਾਜ ਵਿਚ ਦਾਖਲ ਹੋ ਗਏ ਹਨ ਜਿਹੜੇ ਅਨੁਭਵ ਤੋਂ ਵਿਹੂਣੇ ਹਨ। ਦੂਸਰਿਆਂ ਦੇ ਖਿਆਲ ਵੀਡੀਓ ਅਤੇ ਆਡੀਓ ਟੇਪਾਂ ਵਿਚੋਂ ਚੋਰੀ ਕਰਕੇ ਆਪਣੇ ਬਣਾ ਕੇ ਸਰੋਤਿਆਂ ਤੋਂ ਮਾਇਆ ਲੁੱਟ ਰਹੇ ਹਨ। ਇਹ ਲੋਕ ਕਹਾਉਂਦੇ ਤਾਂ ਆਪਣੇ ਆਪਨੂੰ ਸਾਧੂ ਹਨ ਪਰ ਜੇ ਇਨ੍ਹਾਂ ਨੂੰ ਚੋਰ ਪ੍ਰਚਾਰਕ ਕਹਿ ਦਿਤਾ ਜਾਵੇ ਤਾਂ ਕੋਈ ਅਯੋਗ ਗੱਲ ਨਹੀਂ ਹੋਵੇਗੀ। ਐਸੇ-ਐਸੇ ਭਾਵੁਕ ਵਿਖਿਆਨ ਕਰਦੇ ਹਨ, ਭਰਮ ਪਾਉਂਦੇ ਹਨ। ਸਾਰੀ ਨਿਗ੍ਹਾ ਵਾਜਿਆਂ ਉਪਰ ਪੈਸੇ ਰਖਾ ਕੇ ਗੱਲਾਂ ਕਰਨ ਤਕ ਹੀ ਰਖਦੇ ਹਨ। ਸੰਤ ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਇਆ ਕਰਦੇ ਹਨ। ਮੈਂ ਆਪਣੇ ਬਾਰੇ ਦਸਦਾ ਹਾਂ ਕਿ ਮੈਂ ਕਦੇ ਕਿਸੇ ਤੋਂ ਮਾਇਆ ਜਾਂ ਸਿਰੋਪਾਓ ਅੰਗੀਕਾਰ ਨਹੀਂ ਕੀਤਾ। 1987 ਤੋਂ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਵਜੂਦ ਵਿਚ ਆਇਆ, ਉਹ ਪਬਲਿਕ ਅਦਾਰਾ ਬਣ ਗਿਆ ਅਤੇ ਇਸ ਮਿਸ਼ਨ ਨੇ ਥੋੜੇ ਸਮੇਂ ਵਿਚ ਬਹੁਤ ਪ੍ਰਾਪਤੀ ਕੀਤੀ। ਸੰਗਤਾਂ ਨੇ ਪਰਉਪਕਾਰ ਦੇ ਸਾਰੇ ਕੰਮਾਂ ਨੂੰ ਵੇਖਦਿਆਂ ਹੋਇਆਂ ਜੀਅ ਭਰ ਕੇ ਆਪਣੀ ਮਾਇਆ ਨੂੰ ਸਫਲ ਕੀਤਾ। ਉਸ ਵਿਚੋਂ ਇਕ ਵੀ ਪੈਸਾ ਮੈਂ ਆਪਣੇ ਨਿਜ ਵਾਸਤੇ ਕਦੇ ਵੀ ਨਹੀਂ ਵਰਤਿਆ ਅਤੇ ਨਾ ਹੀ ਗੁਰਦੁਆਰਾ ਰਤਵਾੜਾ ਸਾਹਿਬ ਦੇ ਲੰਗਰ ਵਿਚ ਜਾਂ ਕਿਸੇ ਹੋਰ ਗੁਰਦੁਆਰੇ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਅਤੇ ਨਾ ਕੋਈ ਮਾਇਕ ਲਾਭ ਪ੍ਰਾਪਤ ਕੀਤਾ। ਮਿਸ਼ਨ ਨੇ ਥੋੜ੍ਹੇ ਸਮੇਂ ਵਿਚ ਬਹੁਤ ਤਰੱਕੀ ਕੀਤੀ ਕਿਉਂਕਿ Public money ਜੋ ਵੀ ਆਉਂਦੀ ਸੀ ਉਸਦੀ ਸੰਭਾਲ ਕਰਕੇ ਪੂਰੇ accounts ਰੱਖ ਕੇ ਵਰਤੋਂ ਕੀਤੀ ਗਈ। ਸੰਗਤਾਂ ਨੇ ਪ੍ਰਚਾਰ ਦੀ ਰਫਤਾਰ ਨੂੰ ਅਨੁਭਵ ਕਰਦਿਆਂ ਕਈ ਥਾਵਾਂ ਤੇ ਜ਼ਮੀਨਾਂ ਅਰਦਾਸ ਕਰਾ ਦਿਤੀਆਂ, ਉਨ੍ਹਾਂ ਸਾਰਿਆਂ ਵਿਚ ਹੀ ਨਿਸ਼ਕਾਮ ਸੇਵਾ ਕਰਨ ਵਾਲੇ ਪ੍ਰੇਮੀਆਂ ਦੀ ਡਿਊਟੀ ਲਾ ਦਿਤੀ ਅਤੇ ਕੋਈ ਵੀ ਸਾਡੇ ਮਿਸ਼ਨ ਦਾ ਮੈਂਬਰ Public money ਨਾਲ ਆਪਣਾ ਨਿੱਜ ਨਹੀਂ ਪਾਲਦਾ।

ਇਸਦੇ ਵਿਪਰੀਤ ਬਹੁਤ ਸਾਰੇ ਮਹਾਂਪੁਰਸ਼ ਕਹਿਣਗੇ ਕਿ ਅਸੀਂ ਭੀ ਆਪਣੇ ਅਦਾਰੇ ਲਈ ਮਾਇਆ ਖਰਚ ਕਰਦੇ ਹਾਂ ਪਰ ਇਕ ਸਵਾਲ ਦੀ ਪੜਚੋਲ ਜ਼ਰੂਰ ਕਰਨੀ ਪਵੇਗੀ ਕਿ ਕੀ ਇਹ ਅਦਾਰਾ ਪਬਲਿਕ ਦਾ ਹੈ ਜਾਂ ਆਪਣੇ ਥੋੜ੍ਹੇ ਜਿਹੇ ਬੰਦਿਆਂ ਦਾ ਹੈ? ਮੇਰੀ ਸੰਤਾਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੇ ਮਨ ਵਿਚ ਪੜਚੋਲ ਕਰਨ ਅਤੇ ਦੇਖਣ ਕਿ ਕੀ ਅਸੀਂ ਇਨ੍ਹਾਂ ਅਦਾਰਿਆਂ ਦੇ ਨਾਲ ਬੰਨ੍ਹੇ ਤਾਂ ਨਹੀਂ ਗਏ? ਕੀ ਅਸੀਂ ਆਪਣੀ ਮਰਜ਼ੀ ਨਾਲ ਇਨ੍ਹਾਂ ਨੂੰ ਜਦੋਂ ਜੀ ਚਾਹੇ, ਜਦੋਂ ਲੋੜ ਪਏ, ਛੱਡ ਕੇ ਪਾਸੇ ਹੋ ਸਕਦੇ ਹਾਂ?

ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਦਮਦਮੇ ਸਾਹਿਬ ਦੀ ਸੇਵਾ ਕੀਤੀ ਅਤੇ ਜਦੋਂ ਕਮੇਟੀ ਨੇ ਆ ਕੇ ਉਨ੍ਹਾਂ ਨੂੰ ਜਾਣ ਲਈ ਕਿਹਾ ਉਹ ਕੇਵਲ ਆਪਣਾ ਕਛਹਿਰਾ, ਪਰਨਾ ਚੁਕ ਕੇ, ਫਤਹਿ ਬੁਲਾ ਕੇ ਅਸਥਾਨ ਨੂੰ ਛੱਡ ਗਏ।

ਅਖਬਾਰਾਂ ਵਿਚ ਪੜ੍ਹੀਦਾ ਹੈ ਕਿ ਸੰਤਾਂ ਉਪਰ ਦੋਸ਼ ਲਾਉਂਦੇ ਹਨ ਕਿ ਉਹ ਬਹੁਤ ਵੱਡੇ-ਵੱਡੇ ਡੇਰੇ ਬਣਾ ਰਹੇ ਹਨ। ਦੋਸ਼ ਲਾਉਣ ਵਾਲਿਆਂ ਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਉਨ੍ਹਾਂ ਡੇਰਿਆਂ ਨਾਲ ਦ੍ਵੈਸ਼ ਕਿਉਂ ਹੋ ਰਹੀ ਹੈ ਜਦੋਂ ਕਿ ਉਨ੍ਹਾਂ ਥਾਵਾਂ ਉਪਰ ਦਿਨ-ਰਾਤ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਤੇ 24 ਘੰਟੇ ਲੰਗਰ ਚਲ ਰਹੇ ਹਨ ਅਤੇ ਬਗੈਰ ਵਿਤਕਰੇ ਦੇ ਸਭ ਨੂੰ ਪ੍ਰਸ਼ਾਦਾ, ਰਿਹਾਇਸ਼, ਦਵਾ-ਦਾਰੂ, ਵਸਤਰ ਮਿਲਦੇ ਹਨ; ਲੋੜਵੰਦ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਅਦਾਰੇ ਸਾਰੇ ਖਰਚ ਕਰ ਰਹੇ ਹਨ। ਸੰਤਾਂ ਨੇ ਤਾਂ ਕੇਵਲ ਪ੍ਰਸ਼ਾਦਾ ਛਕਣਾ ਹੈ, ਅਰਾਮ ਵਾਸਤੇ ਇਕ ਕਮਰੇ ਦੀ ਲੋੜ ਹੈ; ਪਹਿਨਣ ਵਾਸਤੇ ਇਕ-ਦੋ ਚੋਲਿਆਂ ਦੀ ਲੋੜ ਹੈ ਇਹ ਕੋਈ ਆਪਣੇ

ਬਾਲ-ਬੱਚਿਆਂ ਨੂੰ ਨਹੀਂ ਪਾਲਦੇ। ਜਦੋਂ ਕਿ ਬੇਅੰਤ ਪ੍ਰਚਾਰਕ ਦੇਸ਼ਾਂ-ਵਿਦੇਸ਼ਾਂ ਵਿਚ ਆਪਣੇ master piece ਬਣਾ ਕੇ ਧਨ ਲਿਆ ਕੇ ਆਪਣੀਆਂ ਨਿੱਜੀ ਜਾਇਦਾਦਾਂ ਬਣਾ ਰਹੇ ਹਨ, ਉਹ ਕਿਸੇ ਨੂੰ ਵੀ ਨਹੀਂ ਚੁਭਦੇ। ਧਾਰਮਿਕ ਅਦਾਰਿਆਂ ਤੇ ਸ਼ਸ਼ੋਭਿਤ ਉਸ ਅਹੁਦੇ ਦਾ ਨਜ਼ਾਇਜ਼ ਫਾਇਦਾ ਉਠਾ ਕੇ ਵਿਦੇਸ਼ਾਂ ਵਿਚੋਂ ਧਨ ਲਿਆ ਕੇ ਨਿੱਜ ਉਪਰ ਖਰਚ ਰਹੇ ਹਨ ਪਰ ਸੰਤ ਇਸਦੇ ਵਿਪਰੀਤ ਸਿੱਖ ਸੰਗਤਾਂ ਦੇ ਭਲੇ ਲਈ ਸਕੂਲ, ਕਾਲਜ, ਹਸਪਤਾਲ ਬਣਾ ਰਹੇ ਹਨ। ਉਨ੍ਹਾਂ ਦੀ ਨਿੰਦਿਆ ਦਿਨ-ਰਾਤ ਕਰਦੇ ਨਹੀਂ ਥਕਦੇ।

ਅਸੀਂ ਮੰਨਦੇ ਹਾਂ ਕਿ ਸੰਤ ਸ਼੍ਰੇਣੀ ਵਿਚ ਬਹੁਤ ਸਾਰੀ ਖੋਟ ਰਲ ਚੁਕੀ ਹੈ। ਉਹ ਗੁਰਮਤਿ ਸਿਧਾਤਾਂ ਦੀ ਵਿਚਾਰ ਪੂਰੀ ਤਰ੍ਹਾਂ ਨਹੀਂ ਕਰਦੇ ਅਤੇ ਐਧਰ-ਉਧਰ ਦੇ ਵਿਚਾਰ ਸੁਣਾ ਕੇ ਸੰਗਤਾਂ ਨੂੰ ਕਿਸੇ ਕਿਨਾਰੇ ਨਹੀਂ ਲਾਉਂਦੇ ਅਤੇ ਭੇਖ ਧਾਰ ਕੇ, ਜਥੇ ਬਣਾ ਕੇ ਅਜਿਹੇ ਅਸ਼ਲੀਲ ਕੰਮ ਕਰਦੇ ਹਨ ਕਿ ਸਾਰੇ ਸੰਤ ਸਮਾਜ ਨੂੰ ਬਦਨਾਮ ਹੋਣਾ ਪੈਂਦਾ ਹੈ।

ਕਈ ਰੁਚੀਆਂ ਹਨ ਜਿਨ੍ਹਾਂ ਕਰਕੇ ਅਨ-ਅਧਿਕਾਰੀ ਪੁਰਸ਼ ਸੰਤ ਬਾਣੇ ਧਾਰਨ ਕਰਕੇ ਸੰਤਾਂ ਵਿਚ ਰਲ ਜਾਂਦੇ ਹਨ। ਇਹ ਦੇਖਣ ਵਿਚ ਆਇਆ ਹੈ ਕਿ ਜਦੋਂ ਵੀ ਕੋਈ ਲਹਿਰ ਚਲਦੀ ਹੈ ਤਾਂ ਉਸ ਵਿਚ ਬਨਾਵਟੀ ਬੰਦੇ ਆ ਜਾਇਆ ਕਰਦੇ ਹਨ। ਕੋਈ ਮੋਰਚਾ ਲਗੇ ਉਸ ਵਿਚ ਸਰਕਾਰ ਦੇ ਖਰੀਦੇ ਹੋਏ ਬੰਦੇ ਦਾਖਲ ਹੋ ਜਾਇਆ ਕਰਦੇ ਹਨ ਅਤੇ ਉਹ ਸਾਰੀ ਜੱਦੋ-ਜਹਿਦ ਨੂੰ ਬਦਨਾਮ ਕਰ ਦਿਆ ਕਰਦੇ ਹਨ। ਇਸੇ ਤਰ੍ਹਾਂ ਨਾਲ ਸੰਤਾਂ ਵਿਚ ਵੀ ਅਨ-ਅਧਿਕਾਰੀ ਪੁਰਸ਼ ਦਾਖਲ ਹੋ ਕੇ ਇਸ ਪਰਮ ਉਚੇਰੀ ਕਲਿਆਣਕਾਰੀ ਸੰਸਥਾ ਨੂੰ ਬਦਨਾਮ ਕਰ ਰਹੇ ਹਨ।

ਬੇਨਤੀ ਹੈ ਕਿ ਪ੍ਰੇਮੀਓ! ਪਹਿਲੇ ਹੋ ਚੁੱਕੇ ਮਹਾਂਪੁਰਸ਼ਾਂ ਦੇ ਜੀਵਨ ਵਿਚਾਰੋ। ਜੇ ਉਨ੍ਹਾਂ ਵਰਗੇ ਨਹੀਂ ਵੀ ਹੋ ਸਕਦੇ ਤਾਂ ਜਤਨ ਕਰੋ ਕਿ ਸੱਚੇ-ਸੁੱਚੇ ਸਿਖ ਰਹਿ ਕੇ ਹੀ ਗੁਰੂ ਨਾਨਕ ਦੇ ਮਿਸ਼ਨ ਨੂੰ ਸੰਸਾਰ ਵਿਚ ਫੈਲਾਈਏ। ਲੋਕਾਂ ਨੂੰ ਵੀ ਸੁਭਾਅ ਹੈ ਕਿ ਭੇਖ ਦੇਖ ਕੇ ਸਭ ਨੂੰ ਸੰਤ-ਸੰਤ ਕਹਿਣ ਲਗ ਜਾਂਦੇ ਹਨ। ਭੇਖ ਧਾਰ ਕੇ ਸੰਤ ਬਣਨ ਵਾਲੇ, ਸੰਤ ਅਖਾਉਣ ਵਾਲੇ ਸੰਤਾਂ ਦੀ ਮਾਨਤਾ ਦੇਖ ਕੇ ਕੀਰਤਨ ਸਾਖੀਆਂ ਸਿੱਖ ਕੇ, ਉਚ ਕੋਟੀ ਦੇ ਮਹਾਂਪੁਰਸ਼ਾਂ ਦੀਆਂ ਨਕਲਾਂ ਕਰਕੇ, ਵਿਦਵਾਨ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਯਾਦ ਕਰਕੇ, ਕੇਵਲ ਕਿਸੇ ਸੰਪਰਦਾ ਨਾਲ ਸਬੰਧ ਹੋਣ ਕਰਕੇ, ਆਪਣੇ ਆਪ ਨੂੰ ਸੰਤ ਕਹਾਉਣ ਲਗ ਜਾਂਦੇ ਹਨ।

ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਕਦੇ ਵੀ ਇਹ ਮਨ ਵਿਚ ਨਾ ਲਿਆਓ ਕਿ ਕੋਈ ਅਸਾਨੂੰ ਸੰਤ ਆਖੇ ਜਾਂ ਸਾਡੀ ਮਾਨਤਾ ਕਰੇ। ਇਹ ਚੀਜ਼ਾਂ ਗਿਰਾਵਟ ਪੈਦਾ ਕਰਦੀਆਂ ਹਨ। ਜੇ ਆਪਾਂ ਸਾਰੀ ਜ਼ਿੰਦਗੀ ਵਿਚ ਸਿੱਖ ਵੀ ਬਣ ਜਾਈਏ ਤਾਂ ਵੀ ਬਹੁਤ ਵੱਡੀ ਗੱਲ ਹੈ ਕਿਉਂਕਿ ਗੁਰਸਿੱਖ ਨੂੰ ਵੀ ਗੁਰੂ ਮਹਾਰਾਜ ਜੀ ਨੇ ਬਹੁਤ ਵੱਡੀ ਮਾਨਤਾ ਦਿਤੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।***

***ਅੰਗ - ੩੦੬***

***ਗੁਰਸਿਖਾਂ ਕੀ ਹਰਿ ਧੂੜਿ ਦੇਹਿ***
***ਹਮ ਪਾਪੀ ਭੀ ਗਤਿ ਪਾਂਹਿ।।***

***ਅੰਗ - ੧੪੨੪***

ਖਾਹਮ-ਖਾਹ ਸੰਤਾਂ ਦੀ ਨਿੰਦਿਆਂ ਕਰਨ ਵਾਲਿਆਂ ਪ੍ਰੇਮੀਆਂ ਦੇ ਚਰਨਾਂ ਵਿਚ ਵੀ ਬੇਨਤੀ ਹੈ ਕਿ ਅੱਜ ਬਹੁਤ ਵੱਡਾ ਮਸਲਾ ਸਿੱਖੀ ਸਰੂਪ ਨੂੰ, ਸਿੱਖੀ ਨਿਸ਼ਚੇ ਨੂੰ, ਸਿੱਖੀ ਆਚਰਣ ਨੂੰ, ਸਿੱਖੀ ਕਿਰਦਾਰ ਨੂੰ ਬਚਾਉਣ ਦਾ ਸਾਡੇ ਸਾਹਮਣੇ ਹੈ। ਤੁਸੀਂ ਲੋਕ ਸੰਤਾਂ ਦੀ ਨਿੰਦਿਆ ਕਰਦੇ ਹੋ ਜਦੋਂ ਕਿ ਸੰਤ ਲੱਖਾਂ ਪ੍ਰੇਮੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਂਦੇ ਹਨ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਸੰਤਾਂ ਦੀ ਮਹਿਮਾ ਕਰਦੀ ਹੈ ਤਾਂ ਇਸ ਵਿਚ ਸੰਤਾਂ ਦਾ ਕੋਈ ਕਸੂਰ ਨਹੀਂ। ਚਮਕ ਪੱਥਰ ਨੇ ਤਾਂ ਲੋਹੇ ਦੇ ਟੁਕੜਿਆਂ ਨੂੰ ਖਿੱਚਣਾ ਹੀ ਹੈ। ਬਹੁਤ ਸਾਰੇ ਪ੍ਰੇਮੀ ਗੁਰੂ ਘਰ ਨੂੰ ਛੱਡ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਆਨ ਸੰਪਰਦਾਵਾਂ ਵਿਚ ਸ਼ਾਮਿਲ ਹੋ ਜਾਂਦੇ ਹਨ। ਇਸ ਵਿਚ ਉਨ੍ਹਾਂ ਨਿੰਦਕਾਂ, ਕਠੋਰ ਪ੍ਰੇਮੀਆਂ ਦਾ ਕਸੂਰ ਹੈ ਜੋ ਆਪਣੇ ਘਰ ਦੇ ਸੰਤਾਂ ਨਾਲ ਸੰਤਾਂ ਨੂੰ ਮਿਲਣ ਤੋਂ ਵਰਜਦੇ ਹਨ, ਆਪ ਕੁਝ ਨਹੀਂ ਕਰਦੇ।

***ਆਪਿ ਨ ਦੇਹਿ ਚੁਰੂ ਭਰਿ ਪਾਨੀ।।***
***ਤਿਹ ਨਿੰਦਹਿ ਜਿਹ ਗੰਗਾ ਆਨੀ।।***

***ਅੰਗ - ੩੩੨***

ਸੋ ਪਿਆਰਿਓ! ਇਨ੍ਹਾਂ ਗੱਲਾਂ ਨੂੰ ਵਿਚਾਰੋ। ਨਾ ਡਰੋ ਸੰਤਾਂ ਤੋਂ ਕਿਉਂਕਿ ਸੰਤਾਂ ਨੇ ਕੋਈ ਇਲੈਕਸ਼ਨ ਨਹੀਂ ਲੜਨੀ, ਨਾ ਹੀ ਕੋਈ ਵਜ਼ੀਰੀਆਂ ਲੈਣੀਆਂ ਹਨ। ਆਪਣੇ ਲੜਨ ਵਾਸਤੇ ਹੋਰ ਖੁਲ੍ਹੇ ਮੈਦਾਨ ਪਏ ਹਨ, ਉਥੇ ਜੀਅ ਭਰ ਕੇ ਦੂਜਿਆਂ ਨੂੰ ਕੋਸੋ, ਗਾਲ੍ਹਾਂ ਕੱਢੋ ਕਿਉਂਕਿ ਕੁਰਸੀ ਦਾ ਮਾਮਲਾ ਹੈ ਅਤੇ ਆਪਣੀ ਨਿੱਜ ਦੀ ਪੂਰਤੀ ਦਾ ਮਸਲਾ ਸਾਹਮਣੇ ਹੈ। ਸੰਤਾਂ ਦੀ ਨਿੰਦਿਆ ਕਰਕੇ ਤੁਸੀਂ ਬਹੁਤ ਵੱਡਾ ਗੁਨਾਹ ਕਰ ਰਹੇ

## ਗੁਰਬਾਣੀ ਅਨੁਸਾਰ ਸੰਤ ਕੌਣ ਹੈ?

**ਸੰਤ ਰਹਤ ਸੁਨਹੁ ਮੇਰੇ ਭਾਈ।।**

*(ਪੰਨਾ 16 ਦੀ ਬਾਕੀ)*

ਪਾਸੀਂ ਹੋ ਕੇ ਪ੍ਰਭੂ ਆਪ ਹੀ ਖੇਲ੍ਹ ਕਰ ਰਿਹਾ ਹੈ। ਸੋ ਅਸਾਡੇ ਸਾਰੇ ਜਤਨ, ਅੰਮ੍ਰਿਤ ਵੇਲੇ ਜਾਗਣ ਦੇ, ਦੂਰ-ਦੂਰ ਤੋਂ ਆ ਕੇ ਆਸਾ ਜੀ ਦੀ ਵਾਰ ਦੇ ਕੀਰਤਨ ਸੁਣਨੇ, ਚਿੱਤ ਇਕਾਗਰ ਕਰਕੇ ਉਚੀਆਂ ਮੰਜ਼ਲਾਂ ਵਿਚ ਉਡਾਰੀਆਂ ਮਾਰਨੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਨੀ, ਮਹਾਂਪੁਰਸ਼ਾਂ ਤੋਂ ਬਚਨ ਸਰਵਣ ਕਰਨੇ, ਇਹ ਕੋਈ ਨਿਰਾਰਥਕ ਕ੍ਰਿਆ ਨਹੀਂ, ਨਾ ਕੋਈ ਰਸਮ ਹੈ, ਨਾ ਕਰਮ ਕਾਂਡ ਹੈ ਇਹ ਤਾਂ ਇਕ ਰਸਤਾ ਹੈ ਜਿਸ ਰਾਹੀਂ ਤੁਸੀਂ ਨਾਮ ਦੇ ਮੰਡਲ ਤਕ ਪਹੁੰਚ ਕੇ ਆਤਮ ਵਿਸ਼ਾਇਣੀ ਬੁੱਧ ਪ੍ਰਾਪਤ ਕਰਨੀ ਹੈ ਅਤੇ ਜਿਥੇ ਇਹ ਕਹੇ ਕਿ ਮੈਂ ਕੁਝ ਵੀ ਨਹੀਂ ਹਾਂ। ਫੁਰਮਾਨ ਹੈ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ*
*ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*     *ਅੰਗ - ੮੨੭*

ਸੋ ਪਿਆਰਿਓ! ਜੋ ਕੁਝ ਵੀ ਕਰਦੇ ਹੋਂ ਜਾਗ ਕੇ ਕਰੋ, ਐਵੇਂ ਅਧਸੁੱਤੇ ਕੋਈ ਕੰਮ ਨਹੀਂ ਕਰੀਦੇ। ਗੁਰੂ, ਪ੍ਰਮੇਸ਼ਰ ਹੋਇਆ ਕਰਦਾ ਹੈ, ਦੇਖਣ ਨੂੰ ਉਹ ਸਰੀਰ ਲਗਦਾ ਹੈ ਪਰ ਸਰੀਰ ਨੂੰ ਕੌਣ ਪੂਜਦਾ ਹੈ - ਸਿਰਫ ਅਗਿਆਨੀ? ਪਰ ਉਹ ਸਰੀਰ ਮਹਾਂ ਪਵਿੱਤਰ ਹੈ, ਪੂਜਣ ਯੋਗ ਹੈ ਕਿਉਂਕਿ ਉਸ ਦੇ ਅੰਦਰ ਏਕੰਕਾਰ ਜੀ ਪੂਰਨ ਜਲਾਲ ਸਹਿਤ ਪ੍ਰਗਟ ਹਨ, ਜਿਵੇਂ ਕਿ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥*     *ਅੰਗ- ੪੪੨*

ਵਾਹਿਗੁਰੂ ਜੀ ਕ੍ਰਿਪਾ ਕਰਨ ਅਸੀਂ ਕੇਵਲ ਸੁਣਨ ਵਾਲੇ ਹੀ ਨਾ ਰਹੀਏ। ਸੁਣਦੇ-ਸੁਣਦੇ ਤਾਂ ਉਮਰਾਂ ਬੀਤ ਜਾਂਦੀਆਂ ਹਨ, ਅਸਾਨੂੰ ਮਹਾਰਾਜ ਸੋਝੀ ਦੇਣ।

ਹੋਂ। ਤੇਰ੍ਹਵੀਂ ਅਸਟਪਦੀ ਸੁਖਮਨੀ ਸਾਹਿਬ ਦੀ ਪੜ੍ਹ ਲਿਆ ਕਰੋ, ਨਹੀਂ ਤਾਂ ਤੁਹਾਨੂੰ ਗੁਰੂ ਸਾਹਿਬ ਨੇ ਮਾਫ ਨਹੀਂ ਕਰਨਾ।

ਇਹ ਗੱਲ ਜ਼ਰੂਰ ਹੈ, ਅਸੀਂ ਸਾਰੇ ਹੀ ਮੰਨਦੇ ਹਾਂ, ਕਿ ਸੰਤਾਂ ਵਿਚ ਬਹੁਤ ਵਡੀ ਮਿਕਦਾਰ ਵਿਚ ਖੋਟ ਰਲ ਚੁਕੀ ਹੈ। ਬਹੁਤ ਸਾਰੇ ਸੰਤ ਵਾਜਿਆਂ ਤੇ ਪੈਸੇ ਧਰਾ-ਧਰਾ ਕੇ ਮਾਇਆ ਦੇ ਗੁਲਾਮ ਬਣ ਰਹੇ ਹਨ। ਵਾਜਿਆਂ ਤੇ ਪੈਸੇ ਧਰਾ ਕੇ ਇਸ ਮਹਾਨ ਪਰਮ ਉਚੀ ਸੰਤ ਅਵਸਥਾ ਦਾ ਨਿਰਾਦਰ ਕਰ ਰਹੇ ਹੋਂ। ਮਾਇਆ ਨੂੰ ਜਿੰਨੀਆਂ ਤੁਸੀਂ ਠੋਕਰਾਂ ਮਾਰੋਂਗੇ ਉਨ੍ਹੀਂ ਤੇਜ਼ੀ ਨਾਲ ਹੀ ਆਪਣੇ ਆਪ ਨੂੰ ਸਫਲ ਕਰਾਉਣ ਵਾਸਤੇ ਤੁਹਾਡੇ ਚਰਨਾਂ ਵਿਚ ਰੁਲਦੀ ਫਿਰੇਗੀ। ਗੁਰੂ ਮਹਾਰਾਜ ਜੀ ਦੇ ਫੁਰਮਾਨ ਨੂੰ ਯਾਦ ਰੱਖੋ ਕਿ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ***
***ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।।***
***ਅੰਗ - ੬੪੯***

ਇਹ ਲੰਮੀ-ਚੌੜੀ ਬੇਨਤੀ ਮੈਨੂੰ ਇਸ ਕਰਕੇ ਕਰਨੀ ਪਈ ਹੈ ਕਿ ਸੰਤਾਂ ਦੇ ਖਿਲਾਫ ਨਿੰਦਿਆ, ਚੁਗਲੀ, ਬਦਨਾਮੀ ਕਰਨ ਨਾਲ ਸੰਤਾਂ ਦਾ ਕੁਝ ਵੀ ਨਹੀਂ ਵਿਗੜਿਆ ਕਰਦਾ ਕਿਉਂਕਿ ਉਨ੍ਹਾਂ ਦਾ ਰਾਖਾ ਰਘੁਰਾਇਆ ਹੈ। ਉਹ ਉਸਤਤਿ ਨਿੰਦਿਆ ਤੋਂ ਨਿਆਰੇ ਹਨ। ਸੰਤਾਂ ਵਿਚ ਰਲੇ ਭੇਖੀਆਂ, ਲਾਲਚੀਆਂ, ਮਾਇਆ ਤਕ ਹੀ ਆਪਣੇ ਆਪ ਨੂੰ ਸੀਮਤ ਰੱਖਣ ਵਾਲਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪਿਆਰਿਓ! ਗੁਰੂ ਸਿਧਾਂਤ ਨੂੰ ਨਾ ਰੋਲੋ। ਮਾਇਆ ਤੋਂ ਉਚੇ ਉਠ ਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰੋ। ਐਵੇਂ ਗੁਰਬਾਣੀ ਦੇ ਗਲਤ ਅਰਥ ਕੱਢ-ਕੱਢ ਕੇ ਬਾਹਾਂ ਚੁੱਕ-ਚੁੱਕ ਕੇ ਲੋਕਾਂ ਨੂੰ ਗੁਮਰਾਹ ਨਾ ਕਰੋ। ਆਪਣੇ ਕਰਮਾਂ ਦਾ ਪ੍ਰਾਸ਼ਚਿਤ ਕਰੋ। ਸੱਚੇ ਸੰਤਾਂ ਦਾ ਜੀਵਨ ਆਦਰਸ਼ ਲੈ ਕੇ ਉਸ ਉਤੇ ਚਲਣ ਦਾ ਜਤਨ ਕਰੋ। ਵਲਾਂ-ਛਲਾਂ ਨਾਲ ਪ੍ਰਾਪਤ ਕੀਤੀ ਮਾਨਤਾ ਸਦਾ ਕਾਇਮ ਨਹੀਂ ਰਿਹਾ ਕਰਦੀ। ਭਜਨ ਬੰਦਗੀ ਅਤੇ ਵਾਹਿਗੁਰੂ ਜੀ ਵਲੋਂ ਬਖਸ਼ੀ ਮਾਨਤਾ ਦਿਨੋ-ਦਿਨ ਚੜ੍ਹਦੀ ਕਲਾ ਵਲ ਵਧਦੀ ਜਾਵੇਗੀ। ਅੰਤ ਵਿਚ ਮੈਂ ਸਾਰੇ ਪ੍ਰੇਮੀਆਂ ਤੇ ਜਿਨ੍ਹਾਂ ਨੂੰ ਮੇਰੇ ਬਚਨਾਂ ਨਾਲ ਖੇਦ ਪਹੁੰਚਿਆ ਹੋਵੇ, ਸੱਚਮੁਚ ਉਨ੍ਹਾਂ ਦੇ ਚਰਨਾਂ ਤੇ ਸੀਸ ਰੱਖ ਕੇ ਮਾਫੀ ਮੰਗਦਾ ਹਾਂ, ਬਖਸ਼ੋ।

# ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ਅੰਗ - ੧੬੭*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - ੮੨੭*
*ਮਨੁ ਤਨੁ ਤੇਰਾ ਧਨੁ ਭੀ ਤੇਰਾ ॥*
*ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥*
*ਜੀਉ ਪਿੰਡੁ ਸਭੁ ਰਾਸਿ ਤੁਮਾਰੀ*
*ਤੇਰਾ ਜੋਰੁ ਗੋਪਾਲਾ ਜੀਉ ॥ ਅੰਗ - ੧੦੬*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ ਸਭ ਮਾਈ ਭਾਈ ਫਤਿਹ ਦਾ ਸਿਮਰਨ ਕਰੀਏ -

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਗੁਰੂ ਮਹਾਰਾਜ ਜੀ ਨੇ ਅਪਾਰ ਕ੍ਰਿਪਾ ਕੀਤੀ ਹੈ, ਕਲਜੁਗ ਦੇ ਭਿਆਨਕ ਸਮੇਂ ਦੇ ਅੰਦਰ, ਸਤਿਸੰਗ ਦੀਆਂ ਸੁਭਾਗ ਘੜੀਆਂ ਆਪਾਂ ਨੂੰ ਪ੍ਰਾਪਤ ਹੋ ਰਹੀਆਂ ਹਨ। ਅੱਜ ਸੰਸਾਰ ਭਰ ਵਿਚ ਸ੍ਰੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਹਿਲਾ ਪ੍ਰਕਾਸ਼ ਉਤਸਵ ਬੜੇ ਪਿਆਰ ਤੇ ਸ਼ਰਧਾ ਨਾਲ ਮਨਾ ਰਹੀਆਂ ਹਨ। ਇਕ ਦਿਨ ਹੀ ਨਹੀਂ ਕਈ ਦਿਨ ਤੋਂ ਇਹ ਸਮਾਗਮ ਸੰਸਾਰ ਭਰ ਵਿਚ ਚਲ ਰਹੇ ਨੇ, ਆਉਣ ਵਾਲੇ ਦਿਨਾਂ ਵਿਚ ਵੀ ਕਈ ਦਿਨ ਇਹ ਚੱਲਣੇ ਹਨ। ਆਪਣੀ ਸੁਰਤੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਅਸਥਾਨ 'ਤੇ ਲੈ ਕੇ ਚੱਲੀਏ, ਜਿੱਥੇ ਮੇਰੇ ਬ੍ਰਹਿਮੰਡਾਂ ਦੇ ਮਾਲਕ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਾਏ। ਤਾਬਿਆਂ ਬਾਬਾ ਬੁੱਢਾ ਜੀ ਨੂੰ ਬਿਠਾਇਆ। ਆਪਣਾ ਆਸਣ ਥੱਲੇ ਲਾਇਆ। ਸੰਗਤ ਬੈਠੀ ਹੋਈ ਹੈ। ਸਾਮ੍ਹਣੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੋ ਰਹੇ ਨੇ। ਉਸ ਦੇ ਨਾਲ ਪੰਚਮ ਪਾਤਸ਼ਾਹ ਮਹਾਰਾਜ ਦੇ ਵੀ ਸੰਗਤਾਂ ਦਰਸ਼ਨ ਕਰ ਰਹੀਆਂ ਹਨ। ਜਿਥੇ ਨੇਤਰ ਪਵਿੱਤਰ ਹੁੰਦੇ ਹਨ ਗੁਰੂ ਦਰਸ਼ਨਾਂ ਨਾਲ, ਕੰਨ ਪਵਿੱਤਰ ਹੁੰਦੇ ਹਨ ਗੁਰੂ ਸ਼ਬਦਾਂ ਨਾਲ, ਉਥੇ ਜਿਹਬਾ ਪਵਿੱਤਰ ਹੁੰਦੀ ਹੈ ਗੁਰੂ ਜਸ ਵਿਚ ਬੋਲ ਕੇ। ਇਸ ਕਰਕੇ ਸਾਰਿਆਂ ਨੇ ਸ਼ਬਦ ਵਿਚ ਮਿਲ ਕੇ ਬੋਲਣ ਦੀ ਖੇਚਲ ਕਰਨੀ ਹੈ -

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ - ੫੧੫*

ਵਾਹਿਗੁਰੂ ਨਿਰੰਕਾਰ ਸਤਿਗੁਰੂ ਤੇ ਬਾਣੀ ਇਕ ਰੂਪ ਹਨ, ਭਾਵੇਂ ਬਹੁਤ ਸਾਰੇ ਵਿਦਵਾਨਾਂ ਦਾ ਐਸਾ ਵਿਚਾਰ ਹੈ ਕਿ ਜੋ ਗੁਰਬਾਣੀ ਹੈ, ਇਹ ਵਾਹਿਗੁਰੂ ਦਾ ਸੰਦੇਸ਼ ਹੈ ਤੇ ਗੁਰੂ ਮਹਾਰਾਜ ਇਹ ਵਾਹਿਗੁਰੂ ਦਾ ਸ਼ੰਦੇਸ਼ ਲੈ ਕੇ ਸੰਸਾਰ 'ਤੇ ਆਏ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਿਚਾਰ ਕਰਦੇ ਹਾਂ ਤਾਂ ਸਾਹਿਬ ਕਹਿੰਦੇ, ਬਾਣੀ ਨਾਲ ਜੁੜਨਾ ਹੀ ਗੁਰੂ ਪ੍ਰਮੇਸ਼ਰ ਨਾਲ ਜੁੜਨਾ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨*

ਇਹ ਗੁਰਬਾਣੀ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮*

ਕਿੱਥੋਂ ਆਈ ਬਾਣੀ? ਜਿਸ ਹਿਰਦੇ ਵਿਚ ਬਾਣੀ ਵਸ ਗਈ। ਮਹਾਰਾਜ ਕਹਿੰਦੇ, ਇਕ ਚਿੰਤਾ ਨਹੀਂ, ***'ਤਿਨਿ ਸਗਲੀ ਚਿੰਤ ਮਿਟਾਈ।'*** ਉਹਦਾ ਜਨਮ-ਮਰਨ, ਆਉਣਾ-ਜਾਣਾ ਸਭ ਖਤਮ ਹੋ ਜਾਂਦਾ ਹੈ। ਉਹ ਅਕਾਲ ਮੰਡਲ ਦਾ ਵਾਸੀ ਬਣ ਜਾਂਦਾ ਹੈ। ਇਹ

ਦਰਗਾਹੀ ਬਾਣੀ ਉਸ ਜੀਵ ਨੂੰ ਉਸ ਦਰਗਾਹੀ ਮੰਡਲ ਵਿਚ ਲੈ ਜਾਂਦੀ ਹੈ। ਵਾਹਿਗੁਰੂ ਵਿਚ ਅਭੇਦ ਕਰ ਦਿੰਦੀ ਹੈ। ਬਾਣੀ ਨਾਲ ਜੁੜਨ ਵਾਲਾ ਦੋ ਤੋਂ ਇਕ ਰੂਪ ਹੋ ਜਾਂਦਾ ਹੈ। ਉਸ ਮਾਲਕ ਵਿਚ ਅਭੇਦ ਹੋ ਜਾਂਦਾ ਹੈ। ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇਸ ਸੰਸਾਰ ਦੇ ਉਤੇ ਜਿੱਥੇ ਅਨੇਕਾਂ ਪਰਉਪਕਾਰ ਕੀਤੇ ਨੇ - ਧਰਮ ਵਾਸਤੇ, ਸੰਸਾਰ ਦੇ ਭਲੇ ਵਾਸਤੇ ਆਪ ਜੀ ਨੇ ਸ਼ਹਾਦਤ ਦਿਤੀ ਹੈ, ਉਥੇ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਾਰੀ ਬਾਣੀ ਇਕੱਤਰ ਕੀਤੀ ਤੇ ਉਸ ਵੇਲੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਵਿਚ ਪ੍ਰਕਾਸ਼ ਕਰਾਏ।

ਪੰਚਮ ਪਾਤਸ਼ਾਹ ਇਕ ਗੁਰਸਿੱਖ ਦੇ ਚੜ੍ਹਾਈ ਕਰਨ ਤੋਂ ਬਾਅਦ ਦੁਸਹਿਰੇ 'ਤੇ ਗਏ। ਆਪ ਜੀ ਨੇ ਸੁਣਿਆ ਕਿ ਉਸ ਵੇਲੇ ਜੋ ਕੀਰਤਨ ਕਰਨ ਵਾਲੇ ਸਨ ਉਹ ਕੱਚੀ ਬਾਣੀ ਦਾ ਕੀਰਤਨ ਕਰ ਰਹੇ ਨੇ। ਸਤਿਗੁਰ ਦੀ ਬਾਣੀ ਛੱਡ ਕੇ, ਹੋਰ ਬਾਣੀ ਦਾ ਕੀਰਤਨ ਹੋ ਰਿਹਾ ਹੈ। ਪੰਚਮ ਪਾਤਸ਼ਾਹ ਦੇ ਵੱਡੇ ਭਰਾਤਾ ਭਾਈ ਪ੍ਰਿਥੀ ਚੰਦ, ਜਿਸ ਨੂੰ ਗੁਰਿਆਈ ਨਹੀਂ ਸੀ ਮਿਲੀ ਤੇ ਗੁਰਿਆਈ ਦੇ ਲੋਭ ਵਿਚ ਉਸ ਨੇ ਬਹੁਤ ਕੁਛ ਕੀਤਾ ਹੈ ਪਰ ਖਾਲੀ ਰਿਹਾ। ਇਹਦਾ ਲੜਕਾ ਸੀ ਇਸ ਦਾ ਨਾਮ ਸੀ ਮਿਹਰਵਾਨ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਿਹਰਵਾਨ ਨਾਲ ਬੜਾ ਪਿਆਰ ਕਰਦੇ ਸੀ। ਉਸਨੂੰ ਵਿਦਵਾਨ ਬਣਾਇਆ। ਭਾਈ ਪ੍ਰਿਥੀਆ ਤੇ ਇਹਦੇ ਘਰੋਂ ਬੀਬੀ ਇਸ ਉਡੀਕ ਵਿਚ ਨੇ ਕਿ ਚਲੋ, ਜੇ ਸਾਨੂੰ ਗੁਰਗੱਦੀ ਨਹੀਂ ਮਿਲੀ ਤੇ ਪੰਚਮ ਪਾਤਸ਼ਾਹ ਦੇ ਘਰ ਕੋਈ ਸਾਹਿਬਜ਼ਾਦਾ ਨਹੀਂ ਇਸ ਕਰਕੇ ਆਉਣ ਵਾਲੇ ਸਮੇਂ ਦੇ ਵਿਚ ਮਿਹਰਵਾਨ ਜਿਹੜਾ ਹੈ ਉਹਨੂੰ ਗੁਰਿਆਈ ਮਿਲੇਗੀ ਤੇ ਸਾਡੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਜਿਸ ਵੇਲੇ ਛੇਵੇਂ ਪਾਤਸ਼ਾਹ ਦਾ ਅਵਤਾਰ ਹੋਇਆ ਤੇ ਭਾਈ ਪ੍ਰਿਥੀਏ ਤੇ ਕਰਮੋ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਕਿ ਹੁਣ ਗੁਰਿਆਈ ਮਿਹਰਵਾਨ ਨੂੰ ਨਹੀਂ ਮਿਲਣੀ। ਜਦ ਕਿ ਗੁਰੂ ਘਰ ਵਿਚ ਤਾਂ ਗੁਰਿਆਈ ਉਸ ਨੂੰ ਹੀ ਮਿਲਦੀ ਹੈ ਜਿਸ ਦੇ ਲੇਖ ਦਰਗਾਹ ਤੋਂ ਨੇ। ਇਹਨਾਂ ਦੇ ਮਨ ਅੰਦਰ ਈਰਖਾ ਸੀ, ਮਿਹਰਵਾਨ ਨੂੰ ਵਾਪਿਸ ਬੁਲਾ ਲਿਆ। ਇਹ ਮਿਹਰਵਾਨ ਜਿਹੜਾ ਸੀ ਆਪਣੀ ਕੱਚੀ ਬਾਣੀ ਲਿਖਣ ਲਗ ਪਿਆ ਤੇ ਅਖੀਰ ਦੇ ਵਿਚ ਇਹ 'ਨਾਨਕ' ਪਦ ਵਰਤਦੈ। ਜਿਸ ਕਰਕੇ ਇਕ ਬੜਾ ਭੁਲੇਖਾ ਸੀ ਬਹੁਤ ਸਾਰੇ ਗੁਰਸਿੱਖਾਂ ਨੂੰ ਕਿ ਇਹਦੇ ਵਿਚ ਸਤਿਗੁਰ ਦੀ ਬਾਣੀ ਕਿਹੜੀ ਹੈ ਤੇ ਕੱਚੀ ਬਾਣੀ ਕਿਹੜੀ ਹੈ। ਜਦੋਂ ਪੰਚਮ ਪਾਤਸ਼ਾਹ ਮਹਾਰਾਜ ਦੇ ਸਾਮ੍ਹਣੇ ਹੀ ਕੱਚੀ ਬਾਣੀ ਦਾ ਕੀਰਤਨ ਹੋ ਰਿਹੈ ਤਾਂ ਸਤਿਗੁਰ ਵਿਚਾਰ ਕਰਦੇ ਨੇ ਕਿ ਅੱਜ ਸਾਡੇ ਸਾਮ੍ਹਣੇ ਇਹ ਹੋ ਰਿਹਾ ਹੈ ਤੇ ਬਾਅਦ ਵਿਚ ਕੀ ਹੋਏਗਾ? ਆਉਣ ਵਾਲੇ ਗੁਰਸਿੱਖਾਂ ਵਾਸਤੇ ਇਹ ਬੜੀ ਮੁਸ਼ਕਿਲ ਹੋਏਗੀ ਕਿ ਸਤਿਗੁਰ ਦੀ ਬਾਣੀ ਕਿਹੜੀ ਹੈ ਤੇ ਕੱਚੀ ਬਾਣੀ ਕਿਹੜੀ ਹੈ? ਇਸ ਕਰਕੇ ਸੱਚੀ ਬਾਣੀ ਨੂੰ ਇਕੱਤਰ ਕਰਨਾ ਚਾਹੀਦਾ ਹੈ ਕਿਉਂਕਿ ਜਿਹੜਾ ਸਮਰੱਥ ਗੁਰੂ ਹੈ, ਉਹੀ ਪਾਰ ਲੰਘਾ ਸਕਦੈ। ਜਿਹੜੇ ਕੱਚੇ ਗੁਰੂ ਤੇ ਕੱਚਿਆਂ ਦੀ ਬਾਣੀ ਹੈ ਪਿਆਰਿਓ! ਕੱਚੇ ਵੀ ਡੁੱਬਦੇ ਨੇ ਤੇ ਉਹਨਾਂ ਨਾਲ ਜੁੜਨ ਵਾਲੇ ਵੀ ਡੁੱਬਦੇ ਨੇ ਕਿਉਂਕਿ ਕੱਚਾ ਗੁਰੂ ਗਿਆਨ ਤੋਂ ਹੀਣਾ ਹੁੰਦੈ। ਸਾਹਿਬ ਦਾ ਫੁਰਮਾਨ ਹੈ-

*ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥*
*ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥*

*ਅੰਗ - ੯੫੧*

ਜਿਹਦਾ ਗੁਰੂ ਗਿਆਨ ਤੋਂ ਹੀਣਾ ਹੈ, ਕੱਚਾ ਹੈ ਉਹਦਾ ਸੇਵਕ ਕਿਵੇਂ ਪੂਰਾ ਹੋ ਸਕਦੈ? ਉਹ ਕੱਚਾ ਗੁਰੂ ਵੀ ਡੁੱਬਦੈ ਤੇ ਚੇਲੇ ਵੀ ਡੁੱਬਦੇ ਨੇ। ਇਸ ਕਰਕੇ ਸਮਰੱਥ ਗੁਰੂ ਦੀ ਬਾਣੀ ਹੀ ਤਾਰਦੀ ਹੈ।

ਪੰਚਮ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਜਿਨ੍ਹਾਂ ਨੂੰ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਬਚਨ, ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜਿਨ੍ਹਾਂ ਦੇ ਪਿਤਾ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਤੇ ਜਿਨ੍ਹਾਂ ਦੇ ਨਾਨਾ ਧੰਨ ਗੁਰੂ ਅਮਰਦਾਸ ਜੀ ਮਹਾਰਾਜ, ਪੰਚਮ ਪਾਤਸ਼ਾਹ ਮਹਾਰਾਜ ਦਾ ਅਵਤਾਰ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਹੋਇਐ। ਆਪ ਜੀ ਦੇ ਮਾਤਾ, ਮਾਤਾ ਭਾਨੀ ਜੀ, ਗੁਰੂ ਅਮਰਦਾਸ ਜੀ ਮਹਾਰਾਜ ਦਾ ਜਿਹੜਾ ਬਚਨ ਸੀ ਆਪ ਜੀ ਨੂੰ -

*ਦੋਹਿਤਾ ਬਾਣੀ ਕਾ ਬੋਹਿਥਾ।*

ਇਹ ਬਾਣੀ ਦਾ ਜਹਾਜ਼ ਹੈ। ਇਹ ਬਚਨ ਗੁਰੂ ਅਮਰਦਾਸ ਮਹਾਰਾਜ ਜੀ ਦੇ ਨੇ ਓਸ ਵੇਲੇ ਦੇ ਜਦੋਂ ਆਪ ਜੀ ਦਾ ਪ੍ਰਕਾਸ਼ ਹੋਇਆ। ਅੱਜ ਪੰਚਮ ਪਾਤਸ਼ਾਹ ਮਹਾਰਾਜ ਸਾਰੀ ਬਾਣੀ ਇਕੱਤਰ ਕਰ ਰਹੇ ਨੇ। ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਆਪ ਜੀ ਜੋ ਬਾਣੀ ਇਕੱਤਰ ਕਰਦੇ, ਪੋਥੀਆਂ ਦੇ

ਰੂਪ ਵਿਚ ਉਹ ਸਾਰੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਨੂੰ ਸੌਂਪੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਵਲੋਂ ਉਹ ਤਿਆਰ ਹੋਈਆਂ ਪੋਥੀਆਂ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਰਾਹੀਂ ਪ੍ਰਗਟ ਹੋਈ ਬਾਣੀ ਉਹ ਸਾਰੀਆਂ ਪੋਥੀਆਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਕੋਲ ਆਈਆਂ। ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਤੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਈਆਂ।

ਜਿਹੜੀਆਂ ਪੋਥੀਆਂ ਬਾਬਾ ਮੋਹਨ ਜੀ ਤੋਂ ਬੜੇ ਪਿਆਰ ਸਤਿਕਾਰ ਨਾਲ ਲਿਆਂਦੀਆਂ। ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ। ਜਦੋਂ ਉਹ ਗੁਰਬਾਣੀ ਦੀਆਂ ਪੋਥੀਆਂ ਪੰਚਮ ਪਾਤਸ਼ਾਹ ਜੀ ਨੂੰ ਪ੍ਰਾਪਤ ਹੋਈਆਂ ਤਾਂ ਆਪ ਜੀ ਨੇ ਉਚਾਰਨ ਕੀਤੈ–

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥* ਅੰਗ – ੧੮੬

ਗੁਰਬਾਣੀ ਦਾ ਇਕ-ਇਕ ਬਚਨ ਜਿਹੜਾ ਹੈ, ਸ਼ਬਦ ਹੈ, ਅੱਖਰ ਹੈ ਅਮੋਲਕ ਰਤਨ ਹੈ। ਸਾਹਿਬ ਕਹਿੰਦੇ, ਪਿਆਰਿਓ! ਆਹ ਅਸਲ ਖਜ਼ਾਨਾ ਹੈ। ਮਨੁੱਖ ਦੀ ਵਿਚਾਰ ਵਿਚ ਹੀਰੇ-ਲਾਲ-ਰਤਨ ਬੜੇ ਕੀਮਤੀ ਨੇ ਪਰ ਉਹ ਹੀਰੇ ਲਾਲ ਰਤਨ ਕਿਸੇ ਕੰਮ ਨਹੀਂ ਆਉਂਦੇ, ਉਹ ਸਾਥ ਨਹੀਂ ਦਿੰਦੇ। ਥੋੜ੍ਹਾ ਛਿਨ ਮਾਤਰ ਸੁਖ ਹੈ ਪਰ ਦੁਖ ਜ਼ਿਆਦਾ ਹੈ। ਜੇ ਕਿਸੇ ਦੇ ਕੋਲ ਸਾਰੇ ਸੰਸਾਰ ਦੇ ਹੀਰੇ-ਲਾਲ-ਰਤਨ ਇਕੱਠੇ ਹੋਣ, ਪਰ ਜੇ ਉਹ ਸਰੀਰ ਕਰਕੇ ਰੋਗੀ ਹੈ, ਦੁਖੀ ਹੈ, ਹਿਰਦਾ ਅੰਦਰੋਂ ਤਪ ਰਿਹੈ, ਉਹ ਹੀਰੇ-ਰਤਨ ਕਿਸੇ ਕੰਮ ਨਹੀਂ ਆਉਣਗੇ। ਮਰਨ ਤੋਂ ਬਾਅਦ ਤਾਂ ਕੀ ਸੁਖ ਦੇਣੈ, ਕੀ ਨਾਲ ਜਾਣੈ, ਜਿਉਂਦਿਆਂ ਵੀ ਉਹਨਾਂ ਦਾ ਦੁਖ ਹੀ ਦੁਖ ਹੈ। ਕੋਈ ਸਾਥ ਨਹੀਂ ਹੈ ਕਿਉਂਕਿ ਸਭ ਤੋਂ ਵੱਡਾ ਜਿਹੜਾ ਸੁਖ ਹੈ, ਤਿੰਨੋ ਲੋਕਾਂ, ਚੌਦਾਂ ਭਵਨਾਂ ਦੇ ਅੰਦਰ ਹੈ, ਉਹ ਹੈ ਮਨ ਦੀ ਸ਼ਾਂਤੀ। ਮਨ ਦੀ ਸ਼ਾਂਤੀ ਸੰਸਾਰ ਦੇ ਧਨ ਪਦਾਰਥਾਂ ਨਾਲ ਨਹੀਂ ਆਉਂਦੀ। ਮਨ ਸ਼ਾਂਤ ਹੁੰਦੈ, ਨਾਮ ਬਾਣੀ ਨਾਲ। ਇਸ ਕਰਕੇ ਜਿਹੜੇ ਸੰਸਾਰੀ ਧਨ ਪਦਾਰਥ ਨੇ, ਹੀਰੇ, ਲਾਲ, ਰਤਨ ਨੇ ਇਹ ਕਿਸੇ ਕੰਮ ਨਹੀਂ ਹਨ, ਇਹਨਾਂ ਨਾਲ ਸੁਖ ਨਹੀਂ ਮਿਲੇਗਾ। ਜੇ ਇਹ ਇਕੱਠੇ ਕਰ ਵੀ ਲੈਂਦਾ ਹੈ, ਮਹਾਰਾਜ ਕਹਿੰਦੇ ਵਿਚਾਰ ਕਰੋ ਨਾਲ ਕੁਛ ਜਾਏਗਾ? –

*ਲੰਕਾ ਗਢੁ ਸੋਨੇ ਕਾ ਭਇਆ ॥*
*ਮੂਰਖੁ ਰਾਵਨੁ ਕਿਆ ਲੇ ਗਇਆ ॥* ਅੰਗ – ੧੧੫੮

ਕੀ ਰਾਵਣ ਕੁਛ ਨਾਲ ਲੈ ਗਿਆ ਸੀ –

*ਸਰਬ ਸੋੁਇਨ ਕੀ ਲੰਕਾ ਹੋਤੀ*
*ਰਾਵਨ ਸੇ ਅਧਿਕਾਈ ॥*
*ਕਹਾ ਭਇਓ ਦਰਿ ਬਾਂਧੇ ਹਾਥੀ*
*ਖਿਨ ਮਹਿ ਭਈ ਪਰਾਈ ॥* ਅੰਗ – ੬੯੩

ਹੁਣ ਸੱਚੇ ਪਾਤਸ਼ਾਹ ਰਾਵਣ ਨੂੰ ਨਹੀਂ ਸਮਝਾ ਰਹੇ। ਰਾਵਣ ਤਾਂ ਤ੍ਰੇਤਾ ਯੁੱਗ ਵਿਚ ਹੋਇਐ। ਸੱਚੇ ਪਾਤਸ਼ਾਹ ਸਾਨੂੰ ਸਮਝਾ ਰਹੇ ਨੇ ਕਿ ਉਹ ਸੋਨੇ ਦੀ ਲੰਕਾ ਮਹਾਰਾਜ ਕਹਿੰਦੇ, ਜਦੋਂ ਸਮਾਂ ਆਇਆ ਤਾਂ ਇਕ ਖਿਨ 'ਚ ਪਰਾਈ ਹੋ ਗਈ। ਜਦੋਂ ਆਖਰੀ ਸਵਾਸ ਦੀ ਡੋਰ ਟੁੱਟਦੀ ਹੈ, ਮਹਾਰਾਜ ਕਹਿੰਦੇ, ਇਕ ਖਿਨ ਵਿਚ ਸਭ ਕੁਝ ਪਰਾਇਆ ਹੋ ਜਾਂਦੈ। ਜੇ ਸਾਰੇ ਸੰਸਾਰ ਦਾ ਰਾਜ ਭਾਗ, ਧਨ-ਪਦਾਰਥ ਹੀਰੇ, ਲਾਲ, ਰਤਨ ਕੋਲ ਹੋਣ ਤੇ ਮਹਾਰਾਜ ਕਹਿੰਦੇ, ਤੁਸੀਂ ਰਾਵਣ ਵਲ ਦੇਖ ਲਓ, ਜਿਵੇਂ ਉਹਦੀ ਲੰਕਾ ਖਿਨ 'ਚ ਪਰਾਈ ਹੋ ਗਈ ਹੈ, ਇਕ ਦਿਨ ਇਹ ਸਾਰਾ ਸੰਸਾਰ, ਸੰਸਾਰ ਦੇ ਸਾਰੇ ਸੁਖ ਖਿਨ 'ਚ ਪਰਾਏ ਹੋ ਜਾਣਗੇ। ਸਾਰੀ ਜ਼ਿੰਦਗੀ ਆਪਣੇ ਬਣਾਉਂਦਾ ਹੈ, ਆਹ ਮੇਰਾ-ਆਹ ਮੇਰਾ। ਸਭ ਕੁਝ ਇਕ ਖਿਨ 'ਚ ਪਰਾਇਆ ਹੋ ਜਾਂਦੈ, ਕਦੇ ਕਿਸੇ ਨੇ ਸੋਚਿਐ? ਪਰ ਨਾਮ ਤੇ ਬਾਣੀ ਇਥੇ ਵੀ ਸਹਾਈ ਹੈ ਤੇ ਜੀਵ ਦੇ ਅੱਗੇ ਵੀ ਸਹਾਈ ਹੈ। ਮਹਾਰਾਜ ਕਹਿੰਦੇ, ਅਸਲੀ ਅਮੋਲਕ ਰਤਨ ਇਹ ਨੇ, ਅਸਲੀ ਖਜ਼ਾਨਾ ਇਹ ਹੈ। ਦੁਨੀਆਂ ਦੇ ਅੰਦਰ ਖਜ਼ਾਨੇ ਦਾ ਜ਼ਿਕਰ ਆਉਂਦੈ। ਅੱਜ ਵੱਡੇ-ਵੱਡੇ ਅਮੀਰਾਂ ਦਾ ਨਾਮ ਦੁਨੀਆਂ 'ਤੇ ਆਉਂਦਾ ਹੈ ਕਿ ਸਭ ਤੋਂ ਅਮੀਰ ਇਸ ਦੇਸ਼ ਵਿਚ ਕਿਹੜਾ ਹੈ, ਹਰ ਦੇਸ਼ ਦਾ ਅਮੀਰ, ਉਹਦੀ ਗਿਣਤੀ ਆਉਂਦੀ ਹੈ। ਪੂਰੇ ਸੰਸਾਰ ਭਰ ਵਿਚ ਕਿਹੜਾ ਅਮੀਰ ਹੈ, ਉਹਦਾ ਨਾਮ ਆਪਾਂ ਪੜ੍ਹਦੇ ਤੇ ਸੁਣਦੇ ਹਾਂ ਪਰ ਮੇਰੇ ਸਤਿਗੁਰੂ ਕਹਿੰਦੇ ਜਿਹਦੇ ਹਿਰਦੇ ਵਿਚ ਨਾਮ ਨਹੀਂ ਵਸਿਆ, ਬਾਣੀ ਨਹੀਂ ਵਸੀ, ਉਹਨੂੰ ਅਮੀਰ ਨਾ ਆਖੋ ਤੇ ਬੇਨਤੀ ਜਦੋਂ ਕਰੀਏ, ਸੱਚੇ ਪਾਤਸ਼ਾਹ! ਕੀ ਆਖੀਏ ਉਸ ਨੂੰ। ਸਾਹਿਬ ਕਹਿੰਦੇ –

*ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥*
*ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥* ਅੰਗ– ੯੬੪

ਕਹਿੰਦੇ, ਉਹ ਗਰੀਬ ਹੈ, ਕੰਗਾਲ ਹੈ, ਜਿਹਦੇ ਹਿਰਦੇ ਵਿਚ ਮਾਲਕ ਦੀ ਯਾਦ ਨਹੀਂ। ਇਸ ਕਰਕੇ ਮਹਾਰਾਜ ਕਹਿੰਦੇ, ਵੱਡਾ ਉਹ ਹੈ –

*ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥*
ਅੰਗ – ੬੮੦

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਅੰਗ- ੨੦੨*

ਜਿਹਦੇ ਹਿਰਦੇ 'ਚ ਨਾਮ ਬਾਣੀ ਦਾ ਨਿਵਾਸ ਹੈ, ਉਹ ਵੱਡਾ ਹੈ। ਜਿਹਦੇ ਹਿਰਦੇ ਵਿਚ ਗੁਰੂ ਦੇ ਬਚਨ ਵਸ ਗਏ, ਉਹ ਵੱਡਾ ਹੈ। ਕਾਰੂੰ ਬਾਦਸ਼ਾਹ ਵਰਗਿਆਂ ਦਾ ਜ਼ਿਕਰ ਆਉਂਦਾ ਹੈ ਕਿ ਚਾਲੀ ਗੰਜ ਧਨ ਜੋੜ ਲਿਆ, ਪਰ ਮੇਰੇ ਸਤਿਗੁਰ ਨੇ ਉਹਨਾਂ ਨੂੰ ਸ਼ਾਬਾਸ਼ ਨਹੀਂ ਦਿਤੀ। ਮਹਾਰਾਜ ਕਹਿੰਦੇ ਨੇ ਕਿ ਇਹ ਧਨ ਕਿਸੇ ਕੰਮ ਨਹੀਂ ਆਉਣਾ। ਮਹਾਰਾਜ ਕਹਿੰਦੇ, ਜੇ ਅਸਲੀ ਖਜ਼ਾਨਾ ਹੈ ਤਾਂ ਉਹ ਹੈ ਸਤਿਗੁਰੂ ਸੱਚੇ ਦੀ ਬਾਣੀ। ਸਤਿਗੁਰੂ ਦੇ ਅਮੋਲਕ ਬਚਨ ਅਸਲੀ ਖਜ਼ਾਨਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਹ ਜ਼ਿਕਰ ਕੀਤਾ ਹੈ, ਕਹਿੰਦੇ ਇਹ ਖਜ਼ਾਨਾ ਹੋਰ ਕਿਸੇ ਜਗ੍ਹਾ ਤੋਂ ਪ੍ਰਾਪਤ ਵੀ ਨਹੀਂ ਹੋਣਾ –

*ਆਂਬਨ ਕੀ ਸਧਰ ਕਤ ਮਿਟਤ ਆਂਬਲੀ ਖਾਏ*
*ਪਿਤਾ ਕੋ ਪਿਆਰ ਨ ਪਰੋਸੀ ਪਹਿ ਪਾਈਐ॥*
*ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ*
*ਦਿਨਕਰਿ ਸਰਿ ਦੀਪ ਜੋਤਿ ਨ ਪੁਜਾਈਐ॥*

ਕਹਿੰਦੇ ਜਿਵੇਂ ਸਾਗਰ ਦਾ ਖਜ਼ਾਨਾ ਇਕ ਟੋਭੇ 'ਚੋਂ ਪ੍ਰਾਪਤ ਨਹੀਂ ਹੋ ਸਕਦਾ। ਭਾਈ ਸਾਹਿਬ ਜੀ ਦਾ ਇਸ਼ਾਰਾ ਹੈ ਕਿ ਜੋ ਸਮਰੱਥ ਗੁਰੂ ਹੈ ਉਹ ਅਥਾਹ ਸਾਗਰ ਹੈ –

*ਗੁਰੁ ਸਾਗਰੁ ਰਤਨੀ ਭਰਪੂਰੇ ॥* *ਅੰਗ - ੬੮੫*

ਗੁਰੂ ਸਾਗਰ ਹੈ ਤੇ ਗੁਰੂ ਦਾ ਇਕ-ਇਕ ਬਚਨ ਅਮੋਲਕ ਰਤਨ ਹੈ। ਭਾਈ ਸਾਹਿਬ ਕਹਿੰਦੇ ਇਹ ਜਿਹੜਾ ਖਜ਼ਾਨਾ ਹੈ ***'ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ'*** 'ਨਿਧਿ' ਕਹਿੰਦੇ ਨੇ ਖਜ਼ਾਨੇ ਨੂੰ। 'ਪੋਖਰ' ਕਹਿੰਦੇ ਨੇ ਟੋਭੇ ਨੂੰ। ਛੱਪੜ ਵੀ ਕਹਿੰਦੇ ਨੇ, ਟੋਭਾ ਵੀ ਕਹਿੰਦੇ ਨੇ, ਪੋਖਰ ਵੀ ਕਹਿੰਦੇ ਨੇ। ਅੱਡ-ਅੱਡ ਬੋਲੀ ਵਿਚ ਨਾਂ ਨੇ –

ਭਾਈ ਸਾਹਿਬ ਦਾ ਜਿਹੜਾ ਇਸ਼ਾਰਾ ਹੈ ਕਿ ਜਿਹੜੇ ਕੱਚੇ ਗੁਰੂ ਨੇ, ਗਿਆਨ ਤੋਂ ਹੀਣੇ ਨੇ, ਉਹ ਛੱਪੜੀਆਂ ਤੇ ਟੋਭਿਆਂ ਵਰਗੇ ਨੇ। ਛੱਪੜੀਆਂ ਤੇ ਟੋਭਿਆਂ ਵਿਚ ਡੱਡੀਆਂ, ਮੱਛੀਆਂ ਤਾਂ ਹੋ ਸਕਦੀਆਂ ਨੇ, ਗਾਰਾ, ਚਿੱਕੜ ਹੋ ਸਕਦੈ। ਉਥੋਂ ਅਮੋਲਕ ਰਤਨ ਨਹੀਂ ਮਿਲ ਸਕਦੇ। ਦੂਸਰਾ ਇਹ ਕਿ ਜਦੋਂ ਗਰਮੀ ਪੈਂਦੀ ਹੈ ਉਸ ਵੇਲੇ ਛੱਪੜੀਆਂ ਤੇ ਟੋਭਿਆਂ ਦੇ ਜਿਹੜੇ ਪਾਣੀ ਨੇ, ਉਹ ਸੁੱਕ ਜਾਂਦੇ ਨੇ ਤੇ ਜਿਹੜੇ ਜੀਵ ਮੱਛੀਆਂ ਆਦਿ ਉਸ ਪਾਣੀ ਵਿਚ ਰਹਿੰਦੇ ਨੇ ਉਹ ਫੇਰ ਤੜਫ਼-ਤੜਫ਼ ਕੇ ਮਰਦੇ ਨੇ।

ਦਾਸ ਨੂੰ ਇਕ ਬਚਪਨ ਦੀ ਘਟਨਾ ਯਾਦ ਆਈ ਹੈ ਇਥੇ ਗੁਰਦਾਸਪੁਰ ਜ਼ਿਲੇ ਨਗਰ ਜਾਂਗਲਾ ਤੇ ਓਸ ਵੇਲੇ ਆਮ ਬਾਹਰ ਟੋਭੇ ਹੋਇਆ ਕਰਦੇ ਸੀ ਖੇਤਾਂ ਵਿਚ। ਦੁਪਹਿਰਾ ਦਾ ਸਮਾਂ ਸੀ, ਗਰਮੀਆਂ ਦੇ ਦਿਨ ਸਨ। ਜਿਹੜੇ ਮੱਛੀਆਂ ਫੜਨ ਵਾਲੇ ਸੀ, ਉਹਨਾਂ ਦੇ ਦੇਖਿਆ ਕਿ ਹੁਣ ਐਨੀ ਗਰਮੀ ਹੈ, ਸਾਨੂੰ ਕਿਸੇ ਨੇ ਰੋਕਣਾ ਨਹੀਂ, ਦੁਪਿਹਰ ਦੇ ਵਿਚ। ਉਹਨਾਂ ਨੇ ਟੋਭੇ ਦੇ ਵਿਚ ਜਾਲ ਲਾਏ ਤੇ ਪਾਣੀ ਜਿਹੜਾ ਸੀ ਉਹ ਘੁਲ ਗਿਆ। ਹੁਣ ਓਸ ਵੇਲੇ ਜਿਹੜੀਆਂ ਮੱਛੀਆਂ ਨੇ ਉਹ ਜਦੋਂ ਟੋਭੇ ਦਾ ਪਾਣੀ ਤਪਦੈ, ਬਹੁਤ ਗਰਮ ਹੋ ਜਾਂਦੈ, ਮਈ ਜੂਨ ਦੇ ਵਿਚ, ਮੱਛੀਆਂ ਥੱਲੇ ਗਾਰੇ 'ਚ ਬੈਠਦੀਆਂ ਨੇ ਓਸ ਵੇਲੇ ਜਦੋਂ ਗਾਰਾ ਘੁਲ ਜਾਵੇ, ਉਹ ਬੈਠ ਨਹੀਂ ਸਕਦੀਆਂ। ਉਹ ਤਾਂ ਮੱਛੀਆਂ ਫੜ ਕੇ ਲੈ ਗਏ ਪਰ ਗਾਰ ਜਿਹੜੀ ਸੀ ਉਹ ਪਾਣੀ ਵਿਚ ਘੁਲ ਗਈ ਸੀ। ਉਹਨਾਂ ਮੱਛੀਆਂ ਦਾ ਫੇਰ ਕੀ ਹਾਲ ਹੋਇਆ ਕਿ ਆਪਣੀ ਜਾਨ ਬਚਾਉਣ ਵਾਸਤੇ, ਉਹ ਟੋਭੇ 'ਚੋਂ ਚਾਰ ਚੁਫੇਰੇ ਨੂੰ ਨਿਕਲੀਆਂ। ਹਾਲਾਂਕਿ ਮੱਛੀ ਤੋਂ ਤੁਰਿਆ ਨਹੀਂ ਜਾਂਦਾ, ਉਹਦੇ ਪੈਰ ਨਹੀਂ ਹੁੰਦੇ। ਚਾਰ-ਚੁਫੇਰੇ ਮੱਛੀਆਂ ਖਤਮ ਹੋ ਗਈਆਂ ਤੇ ਕੋਈ 10 ਫੁੱਟ, ਕੋਈ 20 ਫੁੱਟ, ਕੋਈ 100 ਫੁੱਟ, ਜਿਵੇ-ਜਿਵੇਂ ਕਿਸੇ ਕੋਲ ਜਾਨ ਬਚਾਉਣ ਵਾਸਤੇ ਥਾਂ ਮਿਲੇ, ਪਰ ਨਹੀਂ, ਖਤਮ ਹੋ ਗਈਆਂ। ਪਰ ਜੇ ਸਾਗਰ ਹੁੰਦਾ ਫੇਰ ਤਾਂ ਨਹੀਂ ਸੀ ਇਹ ਹਾਲ ਹੋਣਾ। ਛੱਪੜੀਆਂ ਤੇ ਟੋਭਿਆਂ ਦਾ ਪਾਣੀ ਜਦੋਂ ਸੁੱਕ ਜਾਂਦਾ ਹੈ ਤੇ ਉਹ ਵਿਚਾਰੀਆਂ ਤੜਫ਼-ਤੜਫ਼ ਕੇ ਮਰਦੀਆਂ ਹਨ। ਭਾਈ ਸਾਹਿਬ ਦਾ ਜਿਹੜਾ ਇਸ਼ਾਰਾ ਹੈ ਕਿ ਐਸਾ ਨਾ ਹੋਵੇ ਸਮਰੱਥ ਗੁਰੂ ਨੂੰ ਛੱਡ ਕੇ ਤੁਸੀਂ ਇਧਰ-ਉਧਰ ਭਟਕ ਜਾਇਓ। ਜਿਹੜਾ ਸਮਰੱਥ ਗੁਰੂ ਨੂੰ ਛੱਡ ਕੇ ਏਧਰ-ਉਧਰ ਭਟਕਦਾ ਹੈ, ਅਧੂਰਿਆਂ ਦੇ ਲੜ ਲਗਦੈ, ਉਹਦਾ ਹਾਲ ਕਹਿੰਦੇ ਉਹਨਾਂ ਵਰਗਾ ਹੁੰਦੈ, ਜਿਨ੍ਹਾਂ ਦੀ ਪ੍ਰੀਤ ਟੋਭਿਆਂ ਨਾਲ ਹੈ, ਜਿਹੜੇ ਛੱਪੜੀਆਂ ਤੇ ਟੋਭਿਆਂ ਵਿਚ ਜੀਵ ਰਹਿੰਦੇ ਨੇ। ਕਿੰਨਾਂ ਦੁਖ ਭੋਗਦੇ ਨੇ। ਸਾਗਰ ਦਾ ਖਜ਼ਾਨਾ ਸਾਗਰ ਵਿਚੋਂ ਹੀ ਮਿਲਣਾ ਹੈ – ***'ਗੁਰੁ ਸਾਗਰੁ ਰਤਨੀ ਭਰਪੂਰੇ ॥'*** ਇਹ ਅਮੋਲਕ ਰਤਨ ਕੌਣ ਪ੍ਰਾਪਤ ਕਰਦੈ? ਸਾਰੇ ਨਹੀਂ ਕਰ ਸਕਦੇ। ਮਹਾਰਾਜ ਕਹਿੰਦੇ –

*ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥*
*ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥*

*ਅੰਗ - ੯੫੬*

ਮਹਾਰਾਜ ਕਹਿੰਦੇ, ਇਹ ਜਿਹੜੇ ਅਮੋਲਕ ਰਤਨ ਨੇ ਇਹ ਸਾਰੇ ਨਹੀਂ ਗ੍ਰਹਿਣ ਕਰ ਸਕਦੇ। ਜਿਵੇਂ ਹੰਸ ਸਰੋਵਰ 'ਤੇ ਆ ਕੇ ਮਾਣਕ ਮੋਤੀ ਚੁਗਦੈ। ਇਸੇ ਤਰ੍ਹਾਂ ਜਿਹੜੇ ਹੰਸ ਬਿਰਤੀ ਵਾਲੇ ਨੇ ਉਹਨਾਂ ਦਾ ਧੁਰ ਤੋਂ ਮੇਲਾ ਹੈ ਸਰੋਵਰ ਨਾਲ। ਜਿਵੇਂ ਹੰਸ ਤੇ ਸਰੋਵਰ ਦਾ ਮੇਲ ਹੈ, ਇਸੇ ਤਰ੍ਹਾਂ ਸਿੱਖ ਦਾ ਤੇ ਸਤਿਗੁਰੂ ਦਾ ਮੇਲ ਦਰਗਾਹ ਤੋਂ ਹੈ। ਗੁਰਸਿੱਖ ਸਮਰੱਥ ਗੁਰੂ ਦੀ ਸ਼ਰਨ ਵਿਚ ਆਂਉਂਦਾ ਹੈ, ਮਹਾਰਾਜ ਕਹਿੰਦੇ-

*ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥*
*ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥*
*ਬਗੁਲਾ ਕਾਗੁ ਨ ਰਹਈ ਸਰਵਰਿ*
*ਜੇ ਹੋਵੈ ਅਤਿ ਸਿਆਣਾ ॥*
*ਓਨਾ ਰਿਜਕੁ ਨ ਪਇਓ ਓਥੈ ਓਨ੍ਾ ਹੋਰੋ ਖਾਣਾ ॥*

*ਅੰਗ- ੯੫੬*

ਕਹਿੰਦੇ, ਭਾਈ ਜਿਵੇਂ ਬਗੁਲਾ ਤੇ ਕਾਂ ਕਿੰਨਾਂ ਵੀ ਸਿਆਣਾ ਹੋਵੇ। ਆਮ ਕਹਾਵਤ ਹੈ ਕਿ ਭਾਵੇਂ ਕਾਂ ਕਿੰਨਾਂ ਸਿਆਣਾ ਹੈ, ਪਰ ਗੰਦਗੀ ਫਰੋਲਦਾ ਹੈ। ਜਿਹੜਾ ਬਗੁਲਾ ਹੈ ਉਹ ਟੋਭਿਆਂ 'ਤੇ ਜਾ ਕੇ ਡੱਡੀਆਂ, ਮੱਛੀਆਂ ਖਾਏਗਾ। ਜਿਹੜਾ ਕਾਂ ਹੈ ਉਹਦੀ ਖ਼ੁਰਾਕ ਗੰਦਗੀ ਹੈ। ਭਾਵ ਕਾਂ ਬਿਰਤੀ ਵਾਲਾ, ਬਗੁਲਾ ਬਿਰਤੀ ਵਾਲਾ, ਖਾਲੀ ਰਹਿ ਜਾਂਦਾ ਹੈ। ਰੰਗ ਕਾਂ ਦਾ ਵੀ ਕਾਲਾ ਹੈ, ਰੰਗ ਕੋਇਲ ਦਾ ਵੀ ਕਾਲਾ ਹੈ। ਕੋਇਲ ਦੀ ਅਵਾਜ਼ ਨੂੰ ਸਾਰੇ ਹੀ ਚਾਹੁੰਦੇ ਨੇ ਤੇ ਕਾਂ ਦੀ ਅਵਾਜ਼ ਨੂੰ ਕੋਈ ਸੁਣਨਾ ਨਹੀਂ ਚਾਹੁੰਦਾ।

ਇਕ ਵਾਰੀ ਕਹਿੰਦੇ ਕਾਂ, ਕੋਇਲ ਨੂੰ ਕਹਿਣ ਲੱਗਿਆ ਕਿ ਮੈਂ ਤਾਂ ਇਥੋਂ ਚਲੇ ਜਾਣਾ ਹੈ।

ਕਹਿੰਦੀ, ਕੀ ਗੱਲ?

ਕਹਿੰਦਾ, ਤੈਨੂੰ ਸਾਰੇ ਹੀ ਚੰਗਾ ਸਮਝਦੇ ਨੇ, ਮੈਨੂੰ ਕੋਈ ਚੰਗਾ ਨਹੀਂ ਸਮਝਦਾ। ਰੰਗ ਤੇਰਾ ਵੀ ਕਾਲਾ ਹੈ ਤੇ ਰੰਗ ਮੇਰਾ ਵੀ ਕਾਲਾ ਹੈ। ਕੋਇਲ ਕਾਂ ਨੂੰ ਕਹਿਣ ਲੱਗੀ, ਤੂੰ ਜਗ੍ਹਾ ਨਾ ਬਦਲ, ਇਲਾਕਾ ਨਾ ਬਦਲ ਤੂੰ ਸੁਭਾਅ ਬਦਲ ਲੈ ਆਪਣਾ। ਇਸ ਤਰ੍ਹਾਂ ਜਾਣ ਨਾਲ ਤਾਂ ਜਿਥੇ ਜਾਏਂਗਾ, ਤੂੰ ਉਥੇ ਵੀ ਓਹੀ ਕਰਨੈ, ਉਥੇ ਵੀ ਕਿਹੜਾ ਤੈਨੂੰ ਕਿਸੇ ਨੇ ਚੰਗਾ ਸਮਝਣੈ। ਕਾਂ ਦੀ ਖੁਰਾਕ ਗੰਦਗੀ ਹੈ, ਕੋਇਲ ਬਾਗਾਂ ਵਿਚ ਰਹਿੰਦੀ ਹੈ, ਉਹਦੀ ਅਵਾਜ਼ ਮਿੱਠੀ ਹੈ। ਉਹਦੀ ਖੁਰਾਕ ਵੀ ਚੰਗੀ ਹੈ।

ਇਕ ਕਾਲਾ ਭੂੰਡ ਹੁੰਦੈ, ਭੌਰੇ ਦਾ ਰੰਗ ਵੀ ਕਾਲਾ ਹੁੰਦੈ ਜੇ ਕਾਲਾ ਭੂੰਡ ਕਹੇ ਕਿ ਭੌਰੇ ਤੇ ਮੇਰੇ ਵਿਚ ਕੀ ਫਰਕ ਹੈ? ਠੀਕ ਹੈ ਰੰਗ ਤਾਂ ਕਾਲਾ ਹੈ। ਪਰ ਕਾਲਾ ਭੂੰਡ ਜਿਹੜਾ ਹੈ ਉਹ ਗੋਬਰ 'ਤੇ ਬੈਠਦਾ ਹੈ, ਭੌਰਾ ਜਿਹੜਾ ਹੈ ਉਹ ਕਮਲ ਫੁੱਲ 'ਤੇ ਜਾ ਕੇ ਬੈਠਦਾ ਹੈ, ਖੁਰਾਕ ਵਿਚ ਬੜਾ ਫਰਕ ਹੈ, ਰੰਗ ਤਾ ਇਕੋ ਜਿਹਾ ਹੀ ਹੈ। ਰੰਗ ਬਗਲੇ ਦਾ ਵੀ ਚਿੱਟਾ, ਰੰਗ ਹੰਸ ਦਾ ਵੀ ਚਿੱਟਾ ਹੈ। ਜੇ ਬਗਲਾ ਕਹੇ ਕਿ ਮੇਰੇ ਤੇ ਹੰਸ ਵਿਚ ਕੀ ਫਰਕ ਹੈ? ਮੈਂ ਵੀ ਹੰਸ ਵਰਗਾ ਹੀ ਹਾਂ ਪਰ ਮੇਰੇ ਸਤਿਗੁਰੂ ਕਹਿੰਦੇ ਨੇ ਬੜਾ ਫਰਕ ਹੈ। ਹੰਸ, ਸਰੋਵਰ 'ਤੇ ਜਾ ਕੇ ਬੈਠਦਾ ਹੈ ਤੇ ਬਗਲਾ ਜਿਹੜਾ ਹੈ ਉਹ ਉਥੇ ਜਾ ਕੇ ਨਹੀਂ ਬੈਠਦਾ। ਜੇ ਜਾਏਗਾ ਤਾਂ ਉਥੇ ਜਾ ਕੇ ਵੀ ਉਹਨੇ ਮੋਤੀ ਨਹੀਂ ਚੁਗਣੇ, ਉਹਨੇ ਤਾਂ ਡੱਡੀਆਂ ਤੇ ਮੱਛੀਆਂ ਵਲ ਹੀ ਧਿਆਨ ਦੇਣਾ ਹੈ। ਸਾਹਿਬ ਇਕ ਜਗ੍ਹਾ ਫੁਰਮਾਨ ਕਰਦੇ ਨੇ -

*ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥*

*ਅੰਗ- ੧੩੮੪*

ਬਗਲੇ ਕਹਿੰਦੇ, ਸਾਡਾ ਵੀ ਰੰਗ ਚਿੱਟਾ ਹੈ, ਕੀ ਫਰਕ ਹੈ? ਪਰ ਹੋਇਆ ਕੀ? ਹੰਸਾ ਦੀ ਰੀਸ ਕਰਨ ਲੱਗੇ -

*ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥*

*ਅੰਗ - ੧੩੮੪*

ਕਹਿੰਦੇ, ਬਾਜ਼ੀ ਲਗ ਗਈ, ਡੁੱਬ ਗਏ। ਨਹੀਂ ਰੀਸ ਕਰ ਸਕਦੇ।

ਭਗਤ ਕਬੀਰ ਜੀ ਦਾ ਜਸ ਫੈਲ ਗਿਆ ਜਿਹੜੀ ਰਸਨਾ 'ਤੇ ਰਾਮ-ਰਾਮ ਹੁੰਦਾ ਸੀ, ਉਥੇ ਧੰਨ ਕਬੀਰ-ਧੰਨ ਕਬੀਰ, ਹੋ ਰਹੀ ਹੈ। ਕਿਉਂਕਿ ਗੁਰੂ ਮਹਾਰਾਜ ਕਹਿੰਦੇ -

*ਜਿਸੁ ਨੀਚ ਕਉ ਕੋਈ ਨ ਜਾਨੈ ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥* *ਅੰਗ - ੩੮੬*

ਇਕ ਨਾਸਤਕ ਸੀ ਤੇ ਸੋਚਦੈ ਕਹਿਣ ਲੱਗਿਆ, ਕਬੀਰ ਦੇ ਮੁਕਾਬਲੇ ਮੇਰੇ ਕੋਲ ਧਨ ਬਹੁਤ ਹੈ। ਮੇਰੇ ਕੋਲ ਐਨੀ ਜਾਇਦਾਦ ਹੈ, ਮੇਰੇ ਮੁਕਾਬਲੇ ਉਹ ਕੁਝ ਵੀ ਨਹੀਂ ਤੇ ਮੇਰਾ ਕਿਤੇ ਨਾਉਂ ਨਹੀਂ ਆਉਂਦਾ ਤੇ ਜਿਧਰ ਦੇਖੋ ਧੰਨ ਕਬੀਰ-ਧੰਨ ਕਬੀਰ ਹੁੰਦੀ ਹੈ। ਇਹ ਕਿਹੜਾ ਖਾਸ ਕੰਮ ਕਰਦੈ, ਦੇਖੀਏ ਤਾਂ ਸਹੀ।

ਇਹ ਭਗਤ ਕਬੀਰ ਦੇ ਘਰ ਚਲਿਆ ਗਿਆ ਤੇ ਭਗਤ ਕਬੀਰ ਜੀ ਨੇ ਵੀ ਪਛਾਣ ਲਿਆ ਕਿ ਰੀਸ ਕਰਨ ਆਇਆ ਹੈ। ਮਨ ਵਿਚ ਸੋਚਦੈ ਕਿ ਜਿਹੜਾ ਕੰਮ ਭਗਤ ਕਬੀਰ ਕਰਦੇ ਨੇ ਓਹੀ ਆਪਾਂ ਕਰਾਂਗੇ।

ਭਗਤ ਕਬੀਰ ਜੀ ਕਹਿਣ ਲੱਗੇ, ਲੋਈਏ! ਬੱਦਲ ਬੜਾ ਆ ਗਿਆ। ਹੁਣ ਸਾਫ ਦਿਨ ਸੀ।

ਲੋਈ ਕਹਿਣ ਲੱਗੀ, ਹਾਂ ਮਹਾਰਾਜ। ਬੱਦਲ ਤਾਂ ਬਹੁਤ ਹੈ। ਕੱਚਾ ਮਕਾਨ ਸੀ। ਮਕਾਨ ਦੇ ਉਤੇ ਇਕ ਜਗ੍ਹਾ ਰੱਖੀ ਹੁੰਦੀ, ਉਹਨੂੰ ਮੋਘਾ ਕਹਿੰਦੇ ਨੇ। ਆਮ ਹੀ ਹੈ ਜਦੋਂ ਬਾਰਿਸ਼ ਆਉਂਦੀ, ਦਾਣੇ ਪੰਡਾਂ ਨਾਲ ਲੈ ਕੇ ਜਾਂਦੇ, ਜਦੋਂ ਥੱਲੇ ਸੁਟਣੇ ਮੋਘੇ ਰਾਹੀਂ ਸਾਰੇ ਥੱਲੇ ਸੁੱਟੀ ਜਾਣੇ।

ਕਹਿਣ ਲੱਗੇ, ਛੇਤੀ ਇਉਂ ਕਰ ਘਿਉ ਮਿੱਟੀ 'ਚ ਪਾ ਕੇ, ਗਾਰਾ ਬਣਾ ਕੇ, ਉਤੇ ਚੜ੍ਹ ਕੇ ਮੋਘੇ ਨੂੰ ਲਾ, ਸਾਰਾ ਸੈੱਟ ਕਰ ਦੇ।

ਕਹਿੰਦੀ, ਸਤਿ ਬਚਨ ਜੀ। ਇਹ ਜਿਹੜਾ ਦੇਖਣ ਵਾਲਾ ਸੀ ਇਹਨੇ ਕਿਹਾ ਕਿ ਲਓ ਭਾਈ। ਆਹ ਗੱਲ ਹੈ, ਹੁਣ ਆਪਣੀ ਵੀ ਧੰਨ-ਧੰਨ ਹੋਏਗੀ। ਜਿਸ ਵੇਲੇ ਘਰ ਗਿਆ ਤੇ ਇਹਨੇ ਆਪਣੇ ਘਰਵਾਲੀ ਨੂੰ ਅਵਾਜ਼ ਦਿਤੀ, ਕਹਿਣ ਲੱਗਾ ਕਿ ਬੱਦਲ ਬੜਾ ਆਇਆ ਹੈ। ਇਹਨੂੰ ਇਹ ਸੀ ਕਿ ਜਿਵੇਂ ਲੋਈ ਨੇ ਭਗਤ ਕਬੀਰ ਜੀ ਨੂੰ ਕਿਹਾ ਹੈ, ਹਾਂ ਮਹਾਰਾਜ! ਬੱਦਲ ਬੜਾ ਹੈ। ਇਹ ਵੀ ਕਹੇਗੀ ਕਿ ਹਾਂ, ਬੱਦਲ ਬੜਾ ਹੈ।

ਉਹ ਅੱਗੋਂ ਕਹਿਣ ਲੱਗੀ, ਅੰਨ੍ਹਾ ਹੋਇਆ ਹੈਂ? ਕਿਤੇ ਬੱਦਲ ਦਾ ਨਾਂ ਨਹੀਂ, ਤੈਨੂੰ ਦੁਪਿਹਰੇ 'ਚ ਬੱਦਲ ਦਿਸ ਰਿਹੈ?

ਸੁਭਾਅ ਹੁੰਦੇ ਨੇ ਆਪਣੇ-ਆਪਣੇ। ਇਕ ਦਾ ਸੁਭਾਅ ਹੈ ਕਿ ਪ੍ਰਸ਼ਾਦਾ ਛਕ ਲਓ, ਲੰਗਰ ਛਕ ਲਓ। ਚਲੋ ਕਿਸੇ ਨੇ ਸਿੱਧੇ ਅੱਖਰ ਵਰਤੇ ਤਾਂ ਕਹਿ ਦਿਤਾ ਕਿ ਰੋਟੀ ਖਾ ਲਓ। ਪਰ ਇਥੇ ਵੀ ਬਸ ਨਹੀਂ ਕਈ ਤਾਂ ਇਹ ਕਹਿਣਗੀਆਂ ਮਹੁਰਾ (ਅੱਕ ਜਾਂ ਧਤੂਰਾ) ਖਾ ਲੈ। ਉਥੇ ਫੇਰ ਖਾਣ ਵਾਲੇ ਦਾ ਜੋ ਹਾਲ ਹੁੰਦੈ ਵਾਹਿਗੁਰੂ ਜਾਣਦੈ। ਸੁਭਾਅ ਹੈ ਉਲਟ ਚੱਲਣਾ।

ਸੋ ਇਹ ਕਹਿਣ ਲੱਗੀ, ਅੰਨਾ ਹੋਇਐਂ? ਇਹ ਕਹਿਣ ਲੱਗਿਆ, ਬੱਦਲ ਬੜਾ ਆਇਐ, ਛੇਤੀ ਇਉਂ ਕਰ ਘਿਉ ਮਿੱਟੀ 'ਚ ਪਾ ਕੇ, ਗਾਰਾ ਬਣਾ ਕੇ, ਮੋਘੇ ਨੂੰ ਲਾ ਦੇ। ਇਹਨੇ ਰੌਲਾ ਪਾ ਦਿਤਾ, ਕੁੱਟ-ਕੁਟੱਈਆ ਸ਼ੁਰੂ ਹੋ ਗਿਆ। ਸਿਆਣੇ ਕਹਿੰਦੇ, ਜਿਥੇ 'ਪਤੀ-ਪਤਨੀ ਦਾ ਜੋੜ ਨਹੀਂ, ਉਥੇ ਉਦੋਂ ਵੱਧ ਨਰਕ ਦੀ ਲੋੜ ਨਹੀਂ।' ਪਰ ਇਹ ਵੀ ਗੱਲ ਹੈ - 'ਜਿਥੇ ਪਤੀ-ਪਤਨੀ ਦਾ ਜੋੜ ਹੈ ਨਾ, ਉਥੇ ਕਿਸੇ ਸਵਰਗ ਦੀ ਵੀ ਲੋੜ ਨਹੀਂ।'

ਮੇਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ -

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*
*ਅੰਗ- ੭੮੮*

ਉਹ ਧਨ-ਪਿਰ ਹਨ, ਉਹ ਪਤੀ-ਪਤਨੀ ਹਨ। ਸਰੀਰ ਦੋ, ਵਿਚਾਰ ਇਕ ਹੈ। ਖੈਰ ਇਹ ਕੁੱਟ-ਕੁਟੱਈਆ ਜਦੋਂ ਹੋ ਗਿਆ, ਰੌਲਾ ਪੈ ਗਿਆ। ਪੁੱਛਿਆ ਕਿ ਕੀ ਗੱਲ ਹੈ? ਤਾਂ ਕਹਿਣ ਲੱਗੀ ਕਿ ਇਹਨੂੰ ਕੁਛ ਚਿੰਬੜਿਆ ਹੈ। ਕਹਿੰਦੇ, ਕੀ ਗੱਲ ਹੈ?

ਕਹਿਣ ਲੱਗੀ, ਦੇਖੋ, ਪਹਿਲਾਂ ਤਾ ਇਹ ਕਹਿੰਦੈ ਕਿ ਬੱਦਲ ਹੈ। ਫੇਰ ਇਹ ਕਹਿੰਦਾ ਹੈ ਕਿ ਘਿਉ ਮਿੱਟੀ 'ਚ ਪਾ ਕੇ ਗਾਰਾ ਬਣਾਓ।

ਕਹਿਣ ਲੱਗੇ, ਗੱਲ ਤਾਂ ਠੀਕ ਹੈ। ਉਹਨਾਂ ਨੇ ਫੜ ਕੇ ਥੰਮ ਦੇ ਨਾਲ ਬੰਨ੍ਹ ਦਿਤਾ ਕਿ ਇਹਨੂੰ ਕੁਛ ਚਿੰਬੜਿਆ ਹੈ। ਕੋਈ ਮਾਨਸਿਕ ਰੋਗੀ ਹੁੰਦੈ, ਕੋਈ ਹੋਰ ਰੋਗ ਹੁੰਦੈ। ਉਹ ਸਿਆਣਿਆਂ ਦੇ ਕੋਲ ਲੈ ਜਾਂਦੇ ਨੇ। ਦਾਸ ਕਈ ਵਾਰ ਬੇਨਤੀ ਕਰਦਾ ਹੈ ਕਿ ਉਹਨਾਂ ਨੂੰ ਸਿਆਣੇ ਨਾ ਆਖਿਆ ਕਰੋ, ਉਹਨਾਂ ਨੂੰ ਕਮਲੇ ਕਿਹਾ ਕਰੋ। ਗੁਰੂ ਨਾਲੋਂ ਸਿਆਣਾ ਕੌਣ ਹੈ? ਗੁਰੂ ਦੀ ਮੱਤ ਲਵੋ -

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ ॥* *ਅੰਗ - ੨੮੮*

ਵੱਡੇ-ਵੱਡੇ ਡੁੱਬ ਗਏ ਪਿਆਰਿਓ! ਜਿਨ੍ਹਾਂ ਨੇ ਗੁਰੂ ਦੀ ਮੱਤ ਨਹੀਂ ਲਈ। ਆਹ ਤੁਸੀਂ ਅਖਬਾਰਾਂ ਵਿਚ ਪੜ੍ਹਦੇ-ਸੁਣਦੇ ਹੋ, ਟੈਲੀਵੀਜ਼ਨ 'ਤੇ ਦੇਖਦੇ ਹੋਵੋਗੇ। ਅੱਜਕੱਲ੍ਹ ਦੇ ਜਿਹੜੇ ਸਿਆਣੇ ਨੇ ਉਹ ਕਿਸੇ ਨੂੰ ਬੰਨ੍ਹ ਕੇ ਚਿਮਟਿਆਂ ਨਾਲ ਕੁੱਟਣ ਲਗ ਜਾਂਦੇ ਨੇ। ਕੁੱਟ-ਕੁੱਟ ਕੇ ਹੀ ਮਾਰ ਦਿੰਦੇ ਨੇ। ਕਹਿੰਦੇ ਨੇ, ਇਹਦੇ ਵਿਚ ਭੂਤ ਵੜ ਗਿਆ, ਇਹਦੇ 'ਚ ਪ੍ਰੇਤ ਵੜ ਗਿਆ। ਭੂਤ ਨੇ ਤਾਂ ਨਿਕਲਣਾ ਨਹੀਂ ਇਹਦੇ ਪ੍ਰਾਣ ਨਿਕਲ ਜਾਂਦੇ ਨੇ। ਇਕ ਨਹੀਂ ਕਿੰਨੇ ਕੇਸ ਐਸੇ ਹੋ ਰਹੇ ਨੇ।

*'ਚਲਦਾ.......।'*

# ਸਰਬ ਰੋਗ ਕਾ ਅਉਖਦੁ ਨਾਮੁ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

***(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-41)***

ਸਾਡੇ ਜਿਹੜੇ ਸਵਾਸ ਆਉਣੇ ਹਨ ਉਹ ਤਾਂ ਗਿਣਤੀ ਦੇ ਨੇ। ਨਾ ਘਟਦੇ ਨੇ, ਨਾ ਵਧਦੇ ਨੇ-

*ਛਨਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥*
*ਅੰਗ - ੨੫੪*

ਅਸੀਂ ਸੋਚਦੇ ਹਾਂ। ਭਾਈ ਗੁਰਦਾਸ ਜੀ ਨੇ ਇਕ ਵੈਦ ਦੀ ਮਿਸਾਲ ਦਿਤੀ ਹੈ ਕਿ ਉਹਦੀ ਦ੍ਰਿਸ਼ਟੀ 'ਚ ਅੰਮ੍ਰਿਤ ਵਰਸਦਾ ਸੀ। ਜਿਥੇ ਪੈਂਦੀ, ਦਰਖਤ ਵੀ ਹਰੇ ਕਰ ਦਿੰਦੀ।

ਤੱਅਸ਼ਕ ਨਾਗ ਨਾਲ ਜਦੋਂ ਪ੍ਰੀਸ਼ਤ ਦਾ ਤਕਰਾਰ ਵਧਿਆ। ਕਹਿੰਦੇ, ਕਿੰਨੀ ਕੁ ਸ਼ਕਤੀ ਹੈ? ਕਹਿੰਦੇ ਆਹ ਦਰਖਤ ਨੂੰ ਉਹਨੇ ਸੁਕਾ ਦਿਤਾ ਸੀ। ਵੈਦ ਜੀ ਨੇ ਦ੍ਰਿਸ਼ਟੀ ਪਾਈ, ਦਰਖਤ ਹਰਾ ਕਰ ਦਿਤਾ। ਤੱਅਸ਼ਕ ਨਾਗ ਖੁੰਡੀ ਬਣ ਕੇ ਰਸਤੇ 'ਚ ਪੈ ਗਿਆ। ਜਦੋਂ ਉਹਦੇ ਪਿੱਛੇ ਖੁਰਕ ਹੋਈ, ਪਿੱਛੇ ਦ੍ਰਿਸ਼ਟੀ ਨਾ ਗਈ, ਉਹਨੇ ਡੰਗ ਮਾਰਿਆ 'ਤੇ ਉਹ ਚੜ੍ਹਾਈ ਕਰ ਗਿਆ।

*ਜੜੀਂ ਬੂਟੀਂ ਜੇ ਜੀਵੀਐ ਕਿਉ ਮਰੈ ਧਨੰਤਰ।*
*ਭਾਈ ਗੁਰਦਾਸ ਜੀ*

ਭਾਈ ਗੁਰਦਾਸ ਜੀ ਕਹਿੰਦੇ ਨੇ ਪਰ ਇਨਸਾਨ ਚਾਹੁੰਦਾ ਹੈ ਕਿ ਮੈਂ ਹੋਰ ਜੀਵਾਂ। ਸਵਾਸ ਤਾਂ ਓਨੇ ਹੀ ਆਉਣੇ ਹਨ। ਇਸ ਕਰਕੇ ਇਹ ਅਰਦਾਸ ਕਰੀਏ ਕਿ ਇਹ ਸਾਡੀ ਸਿੱਖੀ ਹੈ, ਇਹ ਸਿਦਕ ਕੇਸਾਂ ਸੁਆਸਾਂ ਤਕ ਨਿਭ ਜਾਵੇ। ਆਖਰੀ ਸਵਾਸ 'ਤੇ ਵੀ ਉਸ ਪ੍ਰਮੇਸ਼ਰ ਦਾ ਨਾਮ ਆਵੇ।

ਬੈਖਰੀ ਬਾਣੀ 'ਚ ਬੋਲ ਕੇ ਕਰੋ। ਰਸਨਾ ਰਸ ਨਾਲ ਭਰਦੀ ਹੈ। ਫੇਰ ਮਧਮਾ 'ਚ ਹੁੰਦਾ ਹੈ, ਫੇਰ ਹਿਰਦੇ ਦੇ ਵਿਚ ਹੁੰਦਾ ਹੈ। ਇਹ ਕਰਕੇ ਦੇਖੋ ਕਿ ਕਿਵੇਂ ਕਰਨਾ ਹੈ। ਵੱਡੀਆਂ ਕਲਾਸਾਂ ਦੇ ਵਿਚ ਵਿਦਿਆਰਥੀ ਦੇਖੋ ਬੋਲ ਕੇ ਨਹੀਂ ਪੜ੍ਹਦੇ। ਛੋਟੀਆਂ ਕਲਾਸਾਂ ਵਿਚ ਉੱਚੀ-ਉੱਚੀ ਮੁਹਾਰਨੀਆਂ ਪੜ੍ਹਾਉਂਦੇ ਸਨ। ਹੁਣ ਤਾਂ ਸਮਾਂ ਹੀ ਬਦਲ ਗਿਆ। ਉਸ ਸਮੇਂ ਜਦੋਂ ਇਹ ਅਵਸਥਾ ਆਉਂਦੀ ਹੈ ਕਿ ਉਥੇ ਫੇਰ ਇਹ ਬਾਹਰਲੇ ਕੰਨ ਵੀ ਕੰਮ ਕਰਨੇ ਹਟ ਜਾਂਦੇ ਹਨ। ਬਾਹਰੋਂ ਆਵਾਜ਼ ਨਹੀਂ ਸੁਣਦੇ। ਨੌਂ ਦਰਵਾਜ਼ੇ ਜਿਹੜੇ ਬਾਹਰ ਨੂੰ ਖੁਲ੍ਹਦੇ ਨੇ, ਇਹਨਾਂ ਨੂੰ ਠਾਕ ਦਿਤਾ ਮੰਤਰ ਬਲ ਨਾਲ। ਅੱਖਾਂ ਵੀ ਅੰਦਰ ਨੂੰ, ਤੀਜਾ ਨੇਤਰ, ਦਿੱਬਯ ਨੇਤਰ ਖੁਲ੍ਹਦੇ ਨੇ। ਦਿੱਬਯ ਕੰਨ ਪ੍ਰਾਪਤ ਹੁੰਦੇ ਨੇ। ਉਥੇ ਫੇਰ ਇਸ ਤਰ੍ਹਾਂ ਨਾਲ ਕਰੀਦਾ ਹੈ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ - ੧੨੫੬*

ਹਿਰਦੇ ਵਿਚ ਜਦੋਂ ਚਲਦਾ ਹੈ, ਇਹਨੂੰ ਬੈਖਰੀ ਤੋਂ ਮਧਮਾ, ਪਸੰਤੀ ਬਾਣੀ ਕਿਹਾ ਹੈ। ਪਰਾ ਬਾਣੀ ਦੇ ਵਿਚ ਜਦੋਂ ਅੰਮ੍ਰਿਤ ਵੇਲੇ ਉਠ ਕੇ ਬੈਠਦੇ ਹਾਂ। ਪਰਾ ਬਾਣੀ ਦੇ ਵਿਚ ਸਵਾਸ ਦੇ ਰਾਹੀਂ ਇਸ ਮੰਤਰ ਦਾ ਜਾਪ ਹੁੰਦਾ ਹੈ। ਜਦੋਂ ਅਸੀਂ ਸਵਾਸ ਨੂੰ ਕੰਟਰੋਲ ਕਰ ਲੈਂਦੇ ਹਾਂ, ਦੇਖ ਲੈਂਦੇ ਹਾਂ, ਜਦੋਂ ਡੂੰਘਾ ਸਵਾਸ ਜਾਂਦਾ ਹੈ, ਪੂਰੀ ਆਕਸੀਜਨ, ਪ੍ਰਾਣ ਵਾਯੂ, ਅੰਦਰ ਜਾਂਦੀ ਹੈ। ਖਾਲੀ ਸਵਾਸ ਨਹੀਂ, ਇਹਦੇ ਉਤੇ 'ਵਾਹਿ...' ਸੁਣਨਾ ਹੈ। ਫੇਰ ਅੰਦਰ ਥੋੜ੍ਹਾ ਜਿਹਾ ਰੋਕੋ, ਫੇਰ ਛੱਡੋ, ਜਦੋਂ ਬਾਹਰ ਛੱਡਦੇ ਹਾਂ, ਅੰਦਰੋਂ ਬਿਮਾਰੀਆਂ ਬਾਹਰ ਨਿਕਲਦੀਆਂ ਹਨ -

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥* *ਅੰਗ - ੬੨੦*

ਹੁਣ ਕਾਰਬਨ-ਡਾਈ-ਆਕਸਾਈਡ ਬਾਹਰ ਆਈ, ਇਹ ਸਵਾਸ ਜਦੋਂ ਬਾਹਰ ਨੂੰ ਗਿਆ, ਪਤਾ ਨਹੀਂ ਦੁਬਾਰਾ ਅੰਦਰ ਆਵੇ ਜਾਂ ਨਾ ਆਵੇ -

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥*
*ਅੰਗ- ੬੬੦*

ਜੇ ਦਮ ਆ ਗਿਆ, ਆ-ਦਮੀ, ਨਹੀਂ ਤਾਂ ਗਿਆ -

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥*
*ਅੰਗ- ੫੫੬*

ਇਸ ਵਾਸਤੇ ਜਿਹੜੀ ਸ਼ੁਰੂਆਤ ਹੀ ਹੈ, ਉਹ ਅੰਮ੍ਰਿਤ ਵੇਲੇ ਤੋਂ ਰਾਤ ਦੇ ਸੌਣ ਤਕ ਦਾ ਸਮਾਂ, ਇਸ ਤਰ੍ਹਾਂ ਦੇ ਨਾਲ ਸਾਡਾ time table ਹੋਵੇ ਕਿ-

*ਊਠਤ ਬੈਠਤ ਸੋਵਤ ਨਾਮ ॥*

*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ - ੨੮੬*

ਜੋ ਸਿੱਖੀ ਦੀ ਪਰਿਭਾਸ਼ਾ ਹੈ, ਉਹ ਇਹੀ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੬*

ਖਾਲਸਾ ਕੀਹਨੂੰ ਕਿਹਾ ਹੈ? -

*ਆਤਮ ਰਸ ਜਿਹ ਜਾਨਹੀ ਸੋ ਖ਼ਾਲਸ ਦੇਵ।*
*ਪ੍ਰਭ ਮਹਿ ਮੋਹ ਮਹਿ ਤਾਸਿ ਮਹਿ ਰੰਚਕ ਨਾਹਨ ਭੇਵ।*

ਜਿਹੜਾ ਏਸ ਰਸ ਨੂੰ ਮਾਣਦਾ ਹੈ, ਉਹ ਖਾਲਸਾ ਹੈ -

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮਹਿ ਹੌਂ ਕਰਹੁੰ ਨਿਵਾਸ।*

ਜਿਹੜਾ ਨਾਮ ਦੇ ਵਿਚ ਨਿਵਾਸ ਹੋਣਾ, ਅੰਦਰਲੀ ਖੋਜ ਕਰਦੇ-ਕਰਦੇ 'ਨਾਮ' ਤਕ ਰੁਸਵਾਈ ਹੋ ਜਾਂਦੀ ਹੈ। ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਜਦੋਂ ਅਭਿਆਸ ਕਰਦੇ ਹਾਂ, ਇਹਦੇ ਨਾਲ ਸਾਡੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਨੇ ਕਿਉਂਕਿ ਮਨ ਦੌੜਨਾ ਹੀ ਹੈ, ਮਨ ਦਾ ਸੁਭਾਅ ਹੈ। ਮਨ ਦੇ ਨਾਲ ਸਾਰਾ ਵਾਸਤਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਮਨ ਨਾਲ ਹੀ ਪਿਆਰ ਹੈ, ਮਨ ਨਾਲ ਹੀ ਝਗੜਾ ਹੈ। ਹੁਣ ਇਹਨੂੰ ਦੌੜਨ ਤੋਂ ਰੋਕਣਾ ਹੈ। ਇਹ ਦੌੜਦਾ ਕਿਸ 'ਤੇ ਸਵਾਰ ਹੋ ਕੇ ਹੈ? ਇਹਦੀ ਸਵਾਰੀ ਹੈ ਪਉਣ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ - ੧੨੫੩*

ਸਵਾਸ ਦੀ ਸਵਾਰੀ ਕਰਦਾ ਹੈ। ਸਵਾਸ ਨੂੰ ਕੰਟਰੋਲ ਕਰੋ, ਅੰਦਰ ਨੂੰ ਸਵਾਸ ਜਾਂਦਾ ਹੈ ਤਾਂ ਵੀ, ਬਾਹਰ ਨੂੰ ਆਉਂਦਾ ਹੈ ਤਾਂ ਵੀ, ਇਹਦੇ ਨਾਲ ਮੰਤਰ ਦਾ ਉਚਾਰਨ ਕਰੋ। ਇਹ ਅਭਿਆਸ ਬਾਰ-ਬਾਰ ਕਰੋ-

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - ੫੩੮*

ਜਦੋਂ ਅੰਮ੍ਰਿਤ ਛਕ ਕੇ, ਗੁਰਮੰਤ੍ਰ ਲੈਂਦੇ ਹਾਂ, ਮੂਲਮੰਤ੍ਰ ਦਾ ਅਭਿਆਸ ਕਰਦੇ-ਕਰਦੇ ਸਵਾਸ 'ਤੇ ਆ ਗਿਆ, ਅਵਸਥਾ ਕਿੰਨੀ ਉੱਚੀ ਹੋ ਗਈ।

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- ੩੧੯*

*ਸੰਤ ਅਨੰਤਹਿ ਅੰਤਰੁ ਨਾਹੀ ॥ ਅੰਗ- ੪੮੬*
*ਸੋ ਅੰਤਰਿ ਸੋ ਬਾਹਰਿ ਅਨੰਤ ॥*

*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ - ੨੯੩*

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- ੬੯੫*

*ਅੰਦਰਿ ਕੋਟ ਛਜੇ ਹਟਨਾਲੇ ॥ ਅੰਗ - ੧੦੩੩*

ਅੰਦਰ ਵੀ ਬਜ਼ਾਰ ਨੇ। ਜੋ ਬ੍ਰਹਿਮੰਡ ਵਿਚ ਹੈ ਉਹ ਸਾਰਾ ਇਸ ਪਿੰਡ ਵਿਚ ਹੈ। ਪਰ ਇਸ ਸਰੀਰ ਦੇ ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥ ਅੰਗ - ੩੩੯*

ਜਦੋਂ ਸਵਾਸ 'ਤੇ ਕੰਟਰੋਲ ਕਰਿਆ, ਸਵਾਸ ਦੀ ਮਦਦ ਦੇ ਨਾਲ, ਸੁਰਤਿ ਨੂੰ ਉੱਚਾ ਚੁਕਿਆ। ਪਹਿਲਾਂ ਤਾਂ ਕੁੰਡਲਨੀ ਜਗਾਉਂਦੇ ਸੀ, ਭੁਚੰਗਾ ਨਾੜੀ, ਰੀੜ੍ਹ ਦੀ ਹੱਡੀ ਦੇ ਨਾਲ ਤਿੰਨੋਂ ਚਲਦੀਆਂ ਨੇ। ਉਤੇ ਮਾਸ ਚੜ੍ਹਿਆ ਹੁੰਦੈ, ਉਹਨੂੰ ਸਵਾਸ ਦੀ ਗਰਮੀ ਦੇ ਨਾਲ ਉਤਾਰਦੇ, ਅੰਦਰ ਲਾਈਟ ਪੈਦਾ ਕਰਦੇ। ਪਰ ਗੁਰੂ ਬਾਬਾ ਜੀ ਨੇ ਸੁਰਤਿ ਤੇ ਸਬਦਿ ਦਾ ਮਾਰਗ ਲਿਆਂਦਾ ਕਿ ਸੁਰਤਿ ਨੂੰ ਹੀ ਸਵਾਸ ਦੇ ਨਾਲ ਉੱਚਾ ਚੁੱਕੋ। ਸ਼ਬਦ ਨਾਲ ਜੋੜੋ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ- ੯੩੮*

ਸੁਰਤਿ ਉਸ ਪਾਸੇ ਵਲ ਨੂੰ ਚਲਦੀ ਹੈ। ਇਹਦਾ ਸਫਰ ਓਧਰ ਨੂੰ ਚਲਦੈ। ਇਹਨੂੰ 'ਆਤਮ ਮਾਰਗ' ਕਿਹਾ ਹੈ, ਜਿਸ ਪਾਸੋਂ ਸ਼ਬਦ ਦੀ ਧੁਨ ਆਉਂਦੀ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਹੁਣ ਆਗਿਆ ਚੱਕਰ ਜਿਥੇ ਦੋਹਾਂ ਅੱਖਾਂ ਵਿਚਾਲੇ

ਨੱਕ ਦੀ ਜੜ੍ਹ ਹੈ, ਇਥੇ ਧਿਆਨ ਧਰਿਆ ਜਾਂਦਾ ਹੈ–

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ-੮੬੪*

ਤਿੰਨ ਤਰ੍ਹਾਂ ਦੇ ਧਿਆਨ ਨੇ। ਪ੍ਰਤੀਕ ਹੈ, ਸੰਪਤ ਹੈ, ਅਹੰਗ੍ਰਹਿ ਧਿਆਨ ਹੈ। ਪ੍ਰਤੀਕ ਮੰਨ ਕੇ ਚੱਲੇ, ਸਾਕਾਰ ਮੰਡਲ ਤੋਂ ਉਪਰ ਉੱਚੇ ਸਹੰਸਰਾਰ ਦਲ ਕਮਲ 'ਚੋਂ ਲੰਘ ਕੇ ਧਿਆਤਾ-ਧਿਆਨ-ਧੇਅ ਦੀ ਤ੍ਰਿਕੁਟੀ ਟੁੱਟੀ। ਗਿਆਤਾ-ਗਿਆਨ-ਗੇਅ ਇਕ ਹੋਇਆ।

*ਦਸਮ ਦੁਆਰਾ ਅਗਮ ਅਪਾਰਾ*
*ਪਰਮ ਪੁਰਖ ਕੀ ਘਾਟੀ ॥ ਅੰਗ- ੯੭੪*
*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ- ੧੮੬*

ਅਨੁਭਵੀ ਮਹਾਂਪੁਰਸ਼ਾਂ ਨੇ ਇਸ ਨੂੰ demonstrate ਕਰਨ ਵਾਸਤੇ, ਇਸ ਤਰ੍ਹਾਂ ਦੇ ਨਾਲ ਦਰਸਾਇਆ ਹੈ ਕਿਉਂਕਿ ਅੱਜ ਮੀਡੀਏ ਦਾ ਯੁੱਗ ਹੈ, ਤੁਸੀਂ www.ratwarasahib.com 'ਤੇ ਜਾਂ www.ratwarasahib.org 'ਤੇ ਜਾਓ, ਉਥੇ ਸਾਰਾ ਵਿਸਥਾਰ 'ਚ ਦਸਿਆ ਹੋਇਆ ਹੈ ਜੋ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਧੰਨ-ਧੰਨ ਜਗਤ ਮਾਤਾ, ਮਾਤਾ ਅਜੀਤ ਕੌਰ ਜੀ ਨੂੰ ਉਪਦੇਸ਼ ਬਖਸ਼ਿਆ ਕਿ ਕਿਵੇਂ ਸੁਰਤਿ ਨੂੰ ਸ਼ਬਦ ਨਾਲ ਜੋੜਨਾ ਹੈ। ਉਹ ਸਾਰੀ ਵਿਸਥਾਰ 'ਚ ਗੱਲ ਉਥੇ ਕੀਤੀ ਹੈ। ਜਿਹੜੀ ਅਨੁਭਵ ਦੀ ਇਹ ਬਾਤ, ਅਗੰਮ ਕੀ ਹੈ, ਜਿਹੜੇ ਸ਼ੌਕ ਰਖਦੇ ਨੇ ਉਹ ਜ਼ਰੂਰ ਇਸ ਰਸਤੇ ਨੂੰ ਅਪਣਾਓ। ਇਹਨੂੰ ਆਤਮ ਮਾਰਗ ਕਿਹਾ ਹੈ। ਜੋ ਮੈਗਜ਼ੀਨ ਵੀ ਰਤਵਾੜਾ ਸਾਹਿਬ ਤੋਂ ਰਿਲੀਜ਼ ਹੋਇਆ, 31 ਸਾਲ ਪਹਿਲਾਂ ਉਹਦਾ ਨਾਮ ਹੀ 'ਆਤਮ ਮਾਰਗ' ਹੈ, ਜੋ ਗੁਰਬਾਣੀ ਦੇ ਪ੍ਰਕਾਸ਼ ਵਿਚ ਹਰ ਮਹੀਨੇ ਛਪਦਾ ਹੈ।

ਸੋ ਕਰਦੇ-ਕਰਦੇ ਕਿੱਡੀ ਅਵਸਥਾ ਪ੍ਰਾਪਤ ਹੋ ਗਈ –

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਆਹ ਸਾਰੀ ਕਾਇਨਾਤ 'ਚੋਂ ਜਿਹੜਾ ਜਾਪ ਹੈ, ਇਹ ਅਜਪਾ ਬਣ ਗਿਆ। ਆਪੇ ਹੀ ਹੁੰਦਾ ਹੈ ਫੇਰ ਕੁਝ ਕਰਨ ਦੀ ਲੋੜ ਨਹੀਂ ਰਹਿੰਦੀ –

*ਬਿਨੁ ਜਿਹਵਾ ਜੋ ਜਪੈ ਹਿਆਇ ॥ ਅੰਗ- ੧੨੫੬*

ਜਿਹਵਾ ਦੀ ਫੇਰ ਲੋੜ ਨਹੀਂ, ਹੱਥਾਂ ਤੋਂ ਬਿਨਾਂ ਹੁੰਦੈ, ਪੈਰਾਂ ਤੋਂ ਬਿਨਾਂ ਇਹ ਸਫਰ ਤੈਅ ਹੁੰਦੈ। ਫੇਰ ਤਾਂ –

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*
*ਅੰਗ - ੧੪੨੦*
*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਇਹ ਤਾਂ ਤੂੰ-ਤੂੰ ਹੀ, ਮੋਹਿ ਨਾ। ਇਹ ਤਾਂ ਹੈ ਸਤਿਸੰਗ ਦੀ ਨਿਸ਼ਾਨੀ –

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

*ਇਹ ਨੀਸਾਣੀ ਸਾਧ ਕੀ*
*ਜਿਸੁ ਭੇਟਤ ਤਰੀਐ ॥ ਅੰਗ - ੩੨੦*

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯*

ਇਹ ਬਾਣੀ ਕੀ ਉਪਦੇਸ਼ ਬਖਸ਼ਿਸ਼ ਕਰਦੀ ਹੈ?–

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੁ ਉਪਦੇਸੁ ਸੁਣਾਵੈ ॥ ਅੰਗ - ੩੦੬*

ਉਹ ਗੁਰਸਿੱਖ ਜਿਸ ਨੂੰ ਇਹ ਗੁਰਬਾਣੀ ਜੀਵ ਤੇ ਬ੍ਰਹਮ ਦੀ ਅਭੇਦਤਾ ਦਾ ਉਪਦੇਸ਼ ਸੁਣਾਉਂਦੀ ਹੈ, ਕਹਿੰਦੇ, ਉਹਦੀ ਤਾਂ ਧੂੜ ਫੇਰ ਬੇਅੰਤ ਪਵਿੱਤਰ ਹੋ ਜਾਂਦੀ ਹੈ। ਮੁਖ ਤੋਂ ਬਚਨ ਆਉਂਦੇ ਨੇ, ਉਹ ਵੀ ਅੰਦਰ ਦਾ ਰਸਤਾ ਦਰਸਾਉਂਦੇ ਹਨ ਅਤੇ ਜਿਥੇ ਸੰਗਤਾਂ ਦੇ ਚਰਨ ਪੈਂਦੇ, ਹਨ ਉਹ ਧੂੜ ਵੀ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਹ ਮਾੜੇ ਲੇਖ ਮਿਟਾ ਦਿੰਦੀ ਹੈ –

*ਦਾਨੁ ਮਹਿੰਡਾ ਤਲੀ ਖਾਕੁ*
*ਜੇ ਮਿਲੈ ਤ ਮਸਤਕਿ ਲਾਈਐ ॥ ਅੰਗ - ੪੬੮*

ਸੋ ਇਥੇ ਸਾਨੂੰ ਇਹ ਧੂੜ ਮਿਲੀ, ਗੁਰੂ ਦੇ ਦਰ 'ਤੇ ਆਏ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਸੋ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ, ਨਾਮ ਜਪੀਏ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-46)*

ਪਉੜੀ ॥
ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥

ਹੇ ਮੇਰੇ ਮਨ! ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੇ ਨਾਮ ਨੂੰ ਗੁਰੂ ਦੇ ਉਪਦੇਸ਼ ਦੁਆਰਾ ਜਪਹੁ=ਜਪਣਾ ਕਰ। ਜਿਤੁ=ਜਿਸ ਨਾਮ ਨੂੰ ਜਪਣ ਕਰਕੇ ਸਦਾ ਦਿਨੁ ਰਾਤ ਅਬਿਨਾਸ਼ੀ ਪਰਮੇਸ਼ਰ ਦਾ ਸੁੱਖ ਅਨੰਦ ਤੈਨੂੰ ਪ੍ਰਾਪਤ ਹੋਵੈ=ਹੋਵੇਗਾ ਵਾ: ਅਵਿਦਿਆ ਰੂਪੀ ਰਾਤੀ=ਰਾਤ ਤੋਂ ਤੈਨੂੰ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਜਾਵੇਗਾ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥

ਹੇ ਮੇਰੇ ਮਨ! ਪਾਪਾ ਦੇ ਹਰਿ=ਹਾਰਕ ਹਰਿ=ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਪ੍ਰੀਤ ਰੂਪੀ ਰਸਨਾ ਦੁਆਰਾ ਜਪਹੁ=ਜਪਣਾ ਕਰ। ਜਿਤੁ=ਜਿਸ ਦਾ ਸਿਮਰਤ=ਸਿਮਰਨ ਕਰਨ ਦੇ ਨਾਲ ਸਭਿ=ਸਾਰੇ ਕਿਲਵਿਖ=ਬੱਜਰ ਪਾਪ ਲਹਾਤੀ=ਲਹਿ ਜਾਣਗੇ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ ॥

ਹੇ ਮੇਰੇ ਮਨ! ਹਰੇਕ ਸੰਸਿਆਂ ਦੇ ਹਰਿ=ਹਾਰਕ ਹਰਿ=ਪਰਮੇਸ਼ਰ ਦੇ ਨਾਮ ਨੂੰ ਜਪਹੁ=ਜਪਣਾ ਕਰ, ਜਿਤੁ=ਜਿਸ ਕਰਕੇ ਦਾਲਦੁ=ਦਲਿੱਦਰ (ਭਾਵ ਸਰੀਰ ਕਰਕੇ ਨਕਾਰਾ ਹੋ ਜਾਣਾ, ਕੰਮ ਨਾ ਕਰ ਸਕਣਾ ਵਾ: ਧਨ ਪਦਾਰਥ ਕਰਕੇ ਗਰੀਬੀ ਆਉਣੀ ਵਾ: ਸਰੀਰ ਕਰਕੇ ਦਲਿੱਦਰੀ ਹੋਣਾ, ਉੱਦਮ ਨਾ ਧਾਰਨ ਕਰਨਾ, ਇਹ ਸਾਰਾ ਅਵਿਦਿਆ ਕਰਕੇ ਦਲਿੱਦਰ ਪਿਆ ਹੋਇਆ ਹੈ। ਜੰਮਣ ਮਰਣ ਦਾ ਦੁਖ, ਆਸਾਂ ਇੱਛਾਵਾਂ ਤੇ ਪਦਾਰਥਾਂ ਆਦਿ ਦੀ ਸਭ=ਸਾਰੀ ਭੁੱਖ ਲਹਿ=ਉਤਰ ਜਾਤੀ=ਜਾਂਦੀ ਹੈ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥

ਹੇ ਮੇਰੇ ਮਨ! ਹਰਿ=ਹਰੇ ਭਰੇ ਕਰਨ ਵਾਲੇ ਹਰਿ=ਵਾਹਿਗੁਰੂ ਦਾ ਸਦਾ ਇਕ-ਰਸ ਨਾਮ ਜਪਣਾ ਕਰ, ਕਿਉਂਕਿ ਗੁਰਮੁਖਿ=ਮੁਖੀ ਗੁਰਾਂ ਦੇ ਮੁਖਿ=ਮੁਖਾਰਬਿੰਦ ਤੋਂ ਨਾਮ ਦਾ ਉਪਦੇਸ਼ ਸੁਣ ਕੇ ਅਧਿਕਰੀ ਜਨਾਂ ਦੇ ਅੰਤਹਕਰਣ ਅੰਦਰ ਪਰਮੇਸ਼ਰ ਦੀ ਪ੍ਰੀਤੀ ਲਗਾਤਾਰੀ=ਲਗ ਜਾਂਦੀ ਹੈ।

ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ
ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥

ਜਿਤੁ=ਜਿਹਨਾਂ ਦੇ ਮੁਖਿ=ਮੁਖੀ ਸੱਚੇ ਅਕਾਲ ਪੁਰਖ ਨੇ ਧੁਰਿ=ਮੁੱਢ ਤੋਂ ਹੀ ਮੱਥੇ ਦੇ ਚੰਗੇ ਭਾਗ ਲਿਖ ਦਿਤੇ ਹਨ, ਤਿਤੁ=ਉਹ ਹਰਿ=ਹਰੀ ਵਾਹਿਗੁਰੂ ਦੇ ਨਾਮ ਨੂੰ ਮੁਖਿ=ਮੂੰਹ (ਰਸਨਾ) ਨਾਲ ਜਪਾਤੀ=ਜਪਦੇ ਜਪਾਉਂਦੇ ਹਨ।

ਸਲੋਕ ਮਃ ੩ ॥
ਸਤਿਗੁਰੁ ਜਿਨੀ ਨ ਸੇਵਿਓ
ਸਬਦਿ ਨ ਕੀਤੋ ਵੀਚਾਰੁ ॥

ਹੇ ਭਾਈ! ਜਿਨ੍ਹਾਂ ਨੇ ਸਤਿਗੁਰਾਂ ਦਾ ਸੇਵਿਓ=ਸੇਵਨ ਭਾਵ ਪੂਜਨ ਨਹੀਂ ਕੀਤਾ, ਤੇ ਗੁਰੂ ਦੇ ਸਬਦਿ=ਉਪਦੇਸ਼ ਨੂੰ ਹਿਰਦੇ ਵਿਚ ਵੀਚਾਰੁ=ਨਿਰਨਾ ਕਰਕੇ ਨ=ਨਹੀਂ ਵਸਾਉਣਾ ਕੀਤੋ=ਕੀਤਾ।

ਅੰਤਰਿ ਗਿਆਨੁ ਨ ਆਇਓ
ਮਿਰਤਕੁ ਹੈ ਸੰਸਾਰਿ ॥

ਉਹਨਾਂ ਦੇ ਅੰਤਰਿ=ਅੰਦਰ ਸਰੂਪ ਦਾ ਅਪ੍ਰੋਖ ਗਿਆਨ ਨਹੀਂ ਆਇਓ=ਆਇਆ। ਉਹ ਸੰਸਾਰਿ=ਜਗਤ ਵਿਚ ਮਿਰਤਕੁ=ਮੁਰਦਿਆਂ ਦੀ ਨਿਆਈਂ ਹੈ=ਹਨ।

ਲਖ ਚਉਰਾਸੀਹ ਫੇਰੁ ਪਇਆ
ਮਰਿ ਜੰਮੈ ਹੋਇ ਖੁਆਰੁ ॥

ਉਹਨਾਂ ਐਸੇ ਲੋਕਾਂ ਦਾ ਚਉਰਾਸੀਹ=ਚੌਰਾਸੀ ਲੱਖ ਜੂਨਾਂ ਵਿਚ ਫੇਰੁ=ਚੱਕਰ ਪਇਆ=ਪੈ ਗਿਆ ਹੈ। ਇਉਂ ਮੌਤ ਦੇ ਮਾਰੇ ਮਰਦੇ ਹਨ ਵਾਸ਼ਨਾ ਦੇ ਬੱਧੇ ਜੰਮੈ=ਜੰਮਦੇ ਹਨ, ਤੇ ਜੂਨਾਂ ਵਿਚ ਖੁਆਰੁ=ਖਰਾਬ ਹੋਇ=ਹੁੰਦੇ ਹਨ।

ਸਤਿਗੁਰ ਕੀ ਸੇਵਾ ਸੋ ਕਰੇ
ਜਿਸ ਨੋ ਆਪਿ ਕਰਾਏ ਸੋਇ ॥

ਸਤਿਗੁਰਾਂ ਕੀ=ਦੀ ਸੇਵਾ=ਟਹਿਲ ਸੋ=ਉਹ ਕਰੇ=ਕਰਦੇ ਹਨ, ਜਿਸ ਨੋ=ਜਿਨ੍ਹਾਂ ਤੋਂ ਸੋਇ=ਉਹ ਵਾਹਿਗੁਰੂ ਆਪ ਕਰਵਾ ਲਵੇ।

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ
ਕਰਮਿ ਪਰਾਪਤਿ ਹੋਇ ॥

ਹੇ ਭਾਈ! ਸਤਿਗੁਰਾਂ ਦੇ ਹਿਰਦੇ ਵਿਚ ਨਾਮ ਦਾ ਨਿਧਾਨੁ=ਖਜ਼ਾਨਾ ਹੈ। ਜਿਹਨਾਂ ਤੇ ਗੁਰਾਂ ਨੇ ਕਰਮਿ=ਕ੍ਰਿਪਾ ਰੂਪੀ ਬਖਸ਼ਿਸ਼ ਕੀਤੀ ਹੈ, ਉਹਨਾਂ ਨੂੰ ਨਿਸ਼ਕਾਮ ਕਰਮਾਂ ਦੁਆਰਾ ਸੰਗਤ ਵਿਚੋਂ ਨਾਮ ਦਾ ਖਜ਼ਾਨਾ ਪ੍ਰਾਪਤ ਹੋਇ=ਹੁੰਦਾ ਹੈ।

ਸਚਿ ਰਤੇ ਗੁਰ ਸਬਦ ਸਿਉ
ਤਿਨ ਸਚੀ ਸਦਾ ਲਿਵ ਹੋਇ ॥

ਜਿਹੜੇ ਸੱਚੇ ਗੁਰੂ ਦੇ ਸਬਦ=ਉਪਦੇਸ਼ ਸਿਉ=ਨਾਲ ਸਚਿ=ਸੱਚੇ ਵਾਹਿਗੁਰੂ ਦੇ ਨਾਮ ਵਿਚ ਰਤੇ=ਤਦਾਕਾਰ ਹੋਏ ਹਨ, ਰੰਗੇ ਹੋਏ ਹਨ, ਤਿਨ=ਉਹਨਾਂ ਦੀ ਸਦਾ ਸੱਚੀ ਲਿਵ=ਬਿਰਤੀ ਲੱਗੀ ਹੋਇ=ਹੋਈ ਹੈ। ਭਾਵ ਵਾਹਿਗੁਰੂ ਦੇ ਆਸਰੇ ਲਿਵ ਜੁੜੀ ਰਹਿੰਦੀ ਹੈ।

ਨਾਨਕ ਜਿਸ ਨੋ ਮੇਲੇ ਨ ਵਿਛੁੜੈ
ਸਹਜਿ ਸਮਾਵੈ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੋ=ਜਿਨ੍ਹਾਂ ਨੂੰ ਪਰਮੇਸ਼ਰ ਗੁਰਾ ਦੁਆਰਾ ਆਪਣੇ ਵਿਚ ਮੇਲੇ=ਮੇਲ ਲੈਂਦਾ ਹੈ, ਉਹ ਕਦੇ ਵੀ ਉਸ ਸਰੂਪ ਨਾਲੋਂ ਵਿਛੁੜੇ=ਵਿਛੁੜਦੇ ਨ=ਨਹੀਂ ਹਨ, ਸੋਇ=ਉਹ ਸਹਜਿ=ਸੁਤੇ ਸਿੱਧ ਹੀ ਪਰਮੇਸ਼ਰ ਦੇ ਸਰੂਪ ਵਿਚ ਸਮਾਵੈ=ਸਮਾਅ ਭਾਵ ਲੀਨ ਹੋ ਜਾਂਦੇ ਹਨ।

ਮਃ ੩ ॥
ਸੋ ਭਗਉਤੀ ਜੁ ਭਗਵੰਤੈ ਜਾਣੈ ॥

ਹੇ ਭਾਈ! ਸੋ=ਉਹ ਭਗਉਤੀ=ਭਗਤੀ ਕਰਨ ਵਾਲਾ ਅਸਲੀ ਭਗਤ ਹੈ, ਜੋ=ਜਿਹੜਾ ਭਗਵੰਤੈ=ਪਰਮੇਸ਼ਰ ਨੂੰ ਗੁਰੂ ਕਿਰਪਾ ਦੁਆਰਾ ਜਾਣ ਲਵੇ। ਅਤੇ

ਗੁਰ ਪਰਸਾਦੀ ਆਪੁ ਪਛਾਣੈ ॥

ਸਤਿਗੁਰਾਂ ਦੀ ਪਰਸਾਦੀ=ਕਿਰਪਾ ਦੁਆਰਾ ਆਪੁ=ਆਪਣੇ ਸਰੂਪ ਨੂੰ ਪਛਾਣੈ=ਪਛਾਣ ਲਵੇ।

ਧਾਵਤੁ ਰਾਖੈ ਇਕਤੁ ਘਰਿ ਆਣੈ ॥

ਵਿਸ਼ਿਆਂ ਵਿਚ ਧਾਵਤੁ=ਦੌੜਦੇ ਹੋਏ ਮਨ ਨੂੰ ਰੋਕ ਕੇ ਰਾਖੈ=ਰੱਖਣਾ ਕਰੇ ਅਤੇ ਇਕਤੁ=ਏਕਤਾ ਦੇ ਘਰ ਸਤਿਸੰਗਤ ਵਿਚ ਆਣੈ=ਲਿਆਉਣਾ ਕਰੇ ਵਾ: ਏਕਤਾ ਦੇ ਘਰਿ ਭਾਵ ਬ੍ਰਹਮਾਕਾਰ ਬਿਰਤੀ ਕਰਨ ਰੂਪ ਲਿਆਉਣਾ ਕਰੇ।

ਜੀਵਤੁ ਮਰੈ ਹਰਿ ਨਾਮੁ ਵਖਾਣੈ ॥
ਜੀਵਤੁ=ਜੀਵ ਪੁਣੇ ਵੱਲੋਂ ਮਰ ਕੇ ਹਰਿ=ਹਰੀ ਵਾਹਿਗੁਰੂ ਦੇ ਨਾਮ ਨੂੰ ਹਰ ਵਕਤ ਵਖਾਣੈ=ਕਥਨ ਕਰੇ ਜਾਂ ਉਚਾਰਨ ਕਰੇ।
ਐਸਾ ਭਗਉਤੀ ਉਤਮੁ ਹੋਇ ॥

ਇਹੋ ਜਿਹਾ ਭਗਉਤੀ=ਭਗਤੀ ਕਰਨ ਵਾਲਾ ਭਗਤ ਉਤਮੁ=ਸ੍ਰੇਸ਼ਟ ਹੋਇ=ਹੁੰਦਾ ਹੈ।

ਨਾਨਕ ਸਚਿ ਸਮਾਵੈ ਸੋਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜਾ ਐਸਾ ਭਗਤੀ ਕਰਨ ਵਾਲਾ ਭਗਤ ਹੈ, ਸੋਇ=ਉਹ ਸੱਚ ਸਰੂਪ ਵਿਚ ਸਮਾਵੈ=ਲੀਨ ਹੋ ਜਾਂਦਾ ਹੈ।

ਮਃ ੩ ॥ ਅੰਤਰਿ ਕਪਟੁ ਭਗਉਤੀ ਕਹਾਏ ॥

ਜੋ ਹਿਰਦੇ ਅੰਦਰ ਠੱਗੀ ਮਾਰਨ, ਧਨ ਪਦਾਰਥ ਇਕੱਠਾ ਕਰਨ ਦਾ ਕਪਟੁ=ਛਲ ਰੱਖਦੇ ਹਨ ਤੇ ਉਪਰੋਂ ਭਗਉਤੀ=ਭਗਤੀ ਕਰਨ ਵਾਲੇ ਕਹਾਉਂਦੇ ਹਨ।

ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥

ਐਸੇ ਪਾਖੰਡਿ=ਦਿਖਾਵੇ ਵਾਲੇ ਪੁਰਖ ਉਸ ਪਾਰਬ੍ਰਹਮੁ=ਪਰਮੇਸ਼ਰ ਨੂੰ ਕਦੇ=ਕਦਾਚਿਤ ਵੀ ਨ=ਨਹੀਂ ਪਾਏ=ਪਾ ਸਕਦੇ ਹਨ।

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥

ਉਹ ਤਾਂ ਸਗੋਂ ਪਰ=ਪਰਾਈ ਨਿੰਦਾ=ਨਿੰਦਿਆ ਕਰੇ=ਕਰ ਕੇ ਆਪਣੇ ਹਿਰਦੇ ਅੰਤਰਿ=ਅੰਦਰ ਪਾਪਾਂ ਰੂਪੀ ਮਲੁ=ਮੈਲ ਨੂੰ ਲਾਏ=ਲਾਉਂਦੇ ਹਨ।

ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥

ਬਾਹਰਿ=ਬਾਹਰੋਂ ਤਾਂ ਸਰੀਰ ਦੀ ਮੈਲ ਧੋਵੈ=ਧੋ ਲੈਂਦੇ ਹਨ। ਪਰੰਤੂ ਜੋ ਮਨ ਦੇ ਵਿਚ ਅਵਿਦਿਆ ਕੀ=ਦੀ ਜੂਠਿ=ਅਪਵਿੱਤਰਤਾ ਹੈ, ਨਿੰਦਿਆ ਦੀ ਮੈਲ ਹੈ, ਉਹ ਨ=ਨਹੀਂ ਧੋਤੀ ਜਾਏ=ਜਾਂਦੀ।

ਸਤਸੰਗਤਿ ਸਿਉ ਬਾਦੁ ਰਚਾਏ ॥

ਉਹ ਪਾਖੰਡੀ ਸਤਿਸੰਗਤ ਦੇ ਸਿਉ=ਨਾਲ ਹਮੇਸ਼ਾ ਹੀ ਬਾਦੁ=ਝਗੜਾ ਰਚਾਏ=ਰਚਾਉਣਾ ਕਰਦੇ ਹਨ।

ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥

ਉਹ ਦੂਜੇ ਭਾਇ=ਦਵੈਤ ਭਾਵ ਵਿਚ ਆਪ ਰਚਾਏ=ਰਚੇ ਹੋਏ ਤੇ ਹੋਰਨਾਂ ਨੂੰ ਦ੍ਵੈਤ ਭਾਵ ਵਿਚ ਰਚਾਉਣੇ ਕਰਕੇ ਅਨਦਿਨੁ=ਰਾਤ ਦਿਨ ਦੁਖੀਆ=ਦੁਖੀ ਰਹਿੰਦੇ ਹਨ।

ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥

ਹਰਿ=ਹਰੀ ਵਾਹਿਗੁਰੂ ਦੇ ਨਾਮ ਨੂੰ ਚੇਤੈ=ਯਾਦ ਨਹੀਂ ਕਰਦੇ ਤੇ ਬਹੁ=ਬਹੁਤੇ ਨਿਤ ਨਮਿਤ ਪ੍ਰਾਸ਼ਚਿਤ ਆਦਿਕ ਕਰਮ-ਕਾਂਡਾਂ ਨੂੰ ਕਮਾਏ=ਕਮਾਉਂਦੇ ਹਨ।

ਪੂਰਬ ਲਿਖਿਆ
ਸੁ ਮੇਟਣਾ ਨ ਜਾਏ ॥

ਜਿਹੜਾ ਪੂਰਬ=ਪੂਰਬਲੇ ਕਰਮਾਂ ਦਾ ਲਿਖਿਆ ਹੋਇਆ ਲੇਖਾ ਹੈ। ਸੁ=ਉਹ ਭੋਗੇ ਤੋਂ ਬਗੈਰ ਕਿਸੇ ਤਰ੍ਹਾਂ ਵੀ ਮੇਟਣਾ=ਮੇਟਿਆ ਨ=ਨਹੀਂ ਜਾਏ=ਜਾ ਸਕਦਾ।

ਨਾਨਕ ਬਿਨੁ ਸਤਿਗੁਰ ਸੇਵੇ
ਮੋਖੁ ਨ ਪਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੱਚੇ ਗੁਰੂ ਦੀ ਸੇਵੇ=ਟਹਿਲ ਵਾ: ਸੇਵੇ=ਸੇਵਨ, ਪੂਜਨ ਤੋਂ ਬਿਨਾਂ ਮੋਖੁ=ਮੁਕਤੀ ਦੀ ਪਾਏ=ਪ੍ਰਾਪਤੀ ਨਹੀਂ ਹੁੰਦੀ।

ਪਉੜੀ ॥ ਸਤਿਗੁਰੁ ਜਿਨੀ ਧਿਆਇਆ

**ਸੇ ਕੜਿ ਨ ਸਵਾਹੀ ॥**

ਜਿਨ੍ਹਾਂ ਨੇ ਪੂਰੇ ਪਰਮੇਸ਼ਰ ਸਰੂਪ ਸਤਿਗੁਰੂ ਨੂੰ ਧਿਆਇਆ=ਧਿਆਉਣਾ ਕੀਤਾ ਹੈ, ਸੇ=ਉਹ ਸਵਾਹੀ=ਸਾਰੀਆਂ ਇੰਦਰੀਆਂ ਨੂੰ ਕੜਿ=ਕੜ ਲੈਂਦੇ ਹਨ ਭਾਵ ਵਸ ਕਰ ਲੈਂਦੇ ਹਨ ਅਥਵਾ (ਸੇ ਕੜਿ ਨ ਸਵਾਹੀ) ਸੇ=ਉਹ ਸਵਾਹੀ=ਸਵੇਰੇ ਉੱਠ ਕੇ ਕੜਿ=ਝੁਰਦੇ ਨ=ਨਹੀਂ ਹਨ ਵਾ: ਉਹ ਗੁਰਮੁਖ ਜਨ ਸਵੇਰੇ ਉੱਠ ਕੇ ਚਿੰਤਾ ਨਹੀਂ ਕਰਦੇ ਭਾਵ ਪ੍ਰਸੰਨ ਰਹਿੰਦੇ ਹਨ ਵਾ: ਉਹ ਵਿਸ਼ਿਆਂ ਦੀ ਅੱਗ ਵਿਚ ਕੜਿ=ਸੜ-ਸੜ ਕੇ ਸਵਾਹੀ=ਸੁਆਹ ਨ=ਨਹੀਂ ਹੁੰਦੇ।

**ਸਤਿਗੁਰੁ ਜਿਨੀ ਧਿਆਇਆ**
**ਸੇ ਤ੍ਰਿਪਤਿ ਅਘਾਹੀ ॥**

ਜਿਨ੍ਹਾਂ ਨੇ ਸੱਚੇ ਪਾਤਸ਼ਾਹ ਸਤਿਗੁਰੂ ਜੀ ਨੂੰ ਧਿਆਇਆ=ਧਿਆਉਣਾ ਕੀਤਾ ਹੈ, ਸੇ=ਉਹ ਆਤਮ ਤ੍ਰਿਪਤੀ ਕਰਕੇ ਅਘਾਹੀ=ਰੱਜ ਗਏ ਹਨ।

**ਸਤਿਗੁਰੁ ਜਿਨੀ ਧਿਆਇਆ**
**ਤਿਨ ਜਮ ਡਰੁ ਨਾਹੀ ॥**

ਜਿਨ੍ਹਾਂ ਨੇ ਸੱਚੇ ਪਾਤਸ਼ਾਹ ਸਤਿਗੁਰੂ ਜੀ ਨੂੰ ਧਿਆਇਆ=ਧਿਆਉਣਾ ਕੀਤਾ ਹੈ, ਤਿਨ=ਉਹਨਾਂ ਨੂੰ ਜਮਾਂ ਦਾ ਡਰੁ=ਭੈ ਨਾਹੀ=ਨਹੀਂ ਰਹਿੰਦਾ ਹੈ।

**ਜਿਨ ਕਉ ਹੋਆ ਕ੍ਰਿਪਾਲੁ ਹਰਿ**
**ਸੇ ਸਤਿਗੁਰ ਪੈਰੀ ਪਾਹੀ ॥**

ਜਿਨ੍ਹਾਂ ਉੱਤੇ ਹਰਿ=ਹਰੀ ਵਾਹਿਗੁਰੂ ਆਪ ਕ੍ਰਿਪਾਲੁ=ਦਇਆਲੁ ਹੋਆ=ਹੋਇਆ ਹੈ, ਸੇ=ਉਹ ਪੂਰੇ ਸਤਿਗੁਰੂ ਪਾਤਸ਼ਾਹ ਦੇ ਪੈਰੀ ਪਾਹੀ=ਚਰਨੀਂ ਪੈਂਦੇ ਹਨ।

**ਤਿਨ ਐਥੈ ਓਥੈ ਮੁਖ ਉਜਲੇ**
**ਹਰਿ ਦਰਗਹ ਪੈਧੇ ਜਾਹੀ ॥੧੪॥**

ਤਿਨ=ਉਹਨਾਂ ਪਿਆਰਿਆਂ ਦੇ ਐਥੈ=ਇਸ ਲੋਕ ਵਿਚ ਅਤੇ ਓਥੈ=ਪਰਲੋਕ ਵਿਚ ਵੀ ਮੁਖ=ਮੁਖੜੇ ਜੱਸ ਰੂਪ ਉਜਾਲੇ ਵਾਲੇ ਭਾਵ ਪਵਿੱਤਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਹਰਿ=ਹਰੀ ਪਰਮੇਸ਼ਰ ਦੀ ਦਰਗਹ=ਸੱਚਖੰਡ ਵਿਚ ਭਗਤੀ ਰੂਪੀ, ਪ੍ਰੇਮ ਰੂਪੀ ਸਿਰਪਾਉ ਪੈਧੇ=ਪਹਿਨਾਇਆ ਜਾਹੀ=ਜਾਂਦਾ ਹੈ।

**ਸਲੋਕ ਮਃ ੨ ॥**
**ਜੋ ਸਿਰੁ ਸਾਂਈ ਨਾ ਨਿਵੈ**
**ਸੋ ਸਿਰੁ ਦੀਜੈ ਡਾਰਿ ॥**

ਜੋ=ਜਿਹੜਾ ਸਿਰੁ=ਸੀਸ ਸਾਂਈ=ਮਾਲਕ ਸਤਿਗੁਰਾਂ ਵਾ: ਸਤਿਗੁਰੂ ਜੀ ਦੀ ਸ਼ਰਨ ਆ ਕੇ ਸਾਂਈ=ਪਰਮੇਸ਼ਰ ਅੱਗੇ ਨਾ ਨਿਵੈ=ਝੁਕਦਾ ਨਹੀਂ, ਸੋ=ਉਸ ਸਿਰ ਨੂੰ ਵੱਢ ਕੇ ਡਾਰਿ=ਸੁੱਟ ਦੇਣਾ ਚਾਹੀਦਾ ਹੈ।

**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ**
**ਸੋ ਪਿੰਜਰੁ ਲੈ ਜਾਰਿ ॥੧॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਸ ਪਿੰਜਰ=ਸਰੀਰ ਮਹਿ=ਵਿਚ ਪਰਮੇਸ਼ਰ ਦਾ ਬਿਰਹਾ=ਪ੍ਰੇਮ ਨਹੀਂ ਹੈ, ਸੋ=ਉਸ ਪਿੰਜਰੁ=ਸਰੀਰ ਨੂੰ ਲੈ=ਲਿਜਾ ਕੇ ਅੱਗ ਵਿਚ ਜਾਰਿ=ਸਾੜ ਦੇਣਾ ਚਾਹੀਦਾ ਹੈ। ਉਸ ਨੂੰ ਨਰਕਾਂ ਦੀ ਅੱਗ, ਕਾਮ, ਕ੍ਰੋਧ ਆਦਿ ਦੀ ਅੱਗ ਅਤੇ ਮਾਤਾ ਦੇ ਗਰਭ ਦੀ ਅੱਗ ਸਾੜਦੀ ਰਹਿੰਦੀ ਹੈ।

**ਮਃ ੫ ॥**
**ਮੁੰਢਹੁ ਭੁਲੀ ਨਾਨਕਾ**
**ਫਿਰਿ ਫਿਰਿ ਜਨਮਿ ਮੁਈਆਸੁ ॥**

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੀ ਜੀਵ ਰੂਪੀ ਇਸਤਰੀ ਮੁੰਢਹੁ=ਮੁੱਢ ਭਾਵ ਜਨਮ ਤੋਂ ਲੈ ਕੇ ਪਰਮੇਸ਼ਰ ਦਾ ਸਿਮਰਨ ਭੁੱਲੀ ਹੋਈ ਹੈ, ਉਹ ਫਿਰਿ ਫਿਰਿ=ਵਾਰ-ਵਾਰ ਮੁੜ ਕੇ ਜਨਮਿ=ਜੰਮਦੀ ਤੇ ਮੁਈਆਸੁ=ਮਰਦੀ ਰਹਿੰਦੀ ਹੈ ਅਥਵਾ ਜਿਹੜੀ ਮੁੰਢਹੁ=ਮੂਲ ਰੂਪ ਪਰਮੇਸ਼ਰ ਤੋਂ ਭੁੱਲੀ ਹੋਈ ਹੈ, ਉਹ ਚਉਰਾਸੀ ਦੇ ਫਿਰਿ=ਫੇਰਿਆਂ ਵਿਚ ਫਿਰਿ=ਫਿਰਦੀ ਹੋਈ ਜਨਮਿ=ਜੰਮਦੀ ਰਹਿੰਦੀ ਹੈ ਅਤੇ (ਮੁਈ+ਆਸੁ) ਆਸੁ=ਆਸਾ ਦੀ ਬੱਧੀ ਹੋਈ ਮੁਈ=ਮਰਦੀ ਰਹਿੰਦੀ ਹੈ।

**ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ ॥੨॥**

ਮਨਮੁਖ ਜੀਵ ਰੂਪ ਇਸਤਰੀ ਪਰਮੇਸ਼ਰ ਦੀ ਪ੍ਰੇਮਾ-ਭਗਤੀ ਰੂਪ ਕਸਤੂਰੀ ਦੇ ਭੋਲੜੈ=ਭੁਲੇਖੇ ਵਿਚ, ਵਿਸ਼ਿਆਂ ਰੂਪੀ ਡੁੰਮਿ=ਟੋਏ ਵਿਚ ਪਈਆਸੁ=ਪੈ ਕੇ ਮਰ ਜਾਂਦੀ ਹੈ। ਸਦੀਵ ਸੁੱਖ ਤਾਂ ਭਗਤੀ ਵਿਚ ਹੈ ਪਰੰਤੂ ਉਹ ਕਲਪਤ ਸੁੱਖ ਨੂੰ ਸਦੀਵ ਸੁੱਖ ਮੰਨ ਕੇ ਵਿਸ਼ਿਆਂ=ਵਿਕਾਰਾਂ ਦੇ ਟੋਏ ਵਿਚ ਡਿੱਗ ਜਾਂਦੀ ਹੈ।

**ਪਉੜੀ ॥**
**ਸੋ ਐਸਾ ਹਰਿ ਨਾਮੁ ਧਿਆਈਐ ਮਨ**
**ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥**

ਹੇ ਮੇਰੇ ਪਿਆਰੇ ਮਨਾ! ਸੋ=ਉਸ ਐਸਾ=ਇਹੋ ਜਿਹੇ ਹਰਿ=ਪਰਮੇਸ਼ਰ ਦੇ ਨਾਮ ਨੂੰ

*(ਬਾਕੀ ਪੰਨਾ 55 'ਤੇ)*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-48)*

### 12. ਚੰਡੀਗੜ੍ਹ ਵਿਚ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦੀਵਾਨ

ਆਪਣੀ ਸਰਵਿਸ ਦੇ ਨਾਲ-ਨਾਲ ਸਮੂੰਹ ਸੰਗਤਾਂ ਦੀਵਾਨ ਦੇ ਭਲੇ ਵਾਸਤੇ ਸੰਤ ਮਹਾਰਾਜ ਜੀ ਦੇ ਦੀਵਾਨ ਲਗਾਉਣ ਲਈ ਹਰ ਸਾਲ ਆਪ ਜਾ ਕੇ ਬੇਨਤੀ ਕਰਦੇ ਅਤੇ ਸਾਰਾ ਖਰਚਾ ਆਪਣੇ ਸਿਰ ਤੇ ਲੈ ਲੈਣਾ ਪਰਉਪਕਾਰ ਕਰਿਆ ਕਰਦੇ ਸਨ। ਆਪ ਜੀ ਦਸਿਆ ਕਰਦੇ ਕਿ ਕਰਜ਼ਾ ਲੈਣਾ ਫੇਰ ਸਾਰਾ ਸਾਲ ਉਤਾਰਦੇ ਰਹਿਣਾ ਤੇ ਐਨੇ ਨੂੰ ਅਗਲਾ ਸਾਲ ਫਿਰ ਆ ਜਾਣਾ। ਆਪ ਜੀ ਦੇ ਪਰਉਪਕਾਰੀ ਉਦਮ ਦਾ ਸਦਕਾ ਚੰਡੀਗੜ੍ਹ ਦੀਆਂ ਸੰਗਤਾਂ ਖਾਸ ਕਰਕੇ 19 ਸੈਕਟਰ ਦੇ ਆਲੇ-ਦੁਆਲੇ ਰਹਿ ਰਹੇ ਪ੍ਰੇਮੀਆਂ ਦਾ ਸੰਤ ਮਹਾਰਾਜ ਜੀ ਨਾਲ ਸਨੇਹ ਪੈ ਗਿਆ ਸੀ। ਵੱਡਾ ਕਾਰਨ ਇਹ ਵੀ ਸੀ ਕਿ ਆਪ ਸਿੱਖ ਸੰਗਤ ਨਾਲ ਸ਼ਬਦ ਦੀ ਸਾਂਝ ਬਣਾ ਕੇ ਰੱਖਦੇ ਸਨ। ਇਹ ਵੀ ਵਰਣਨਯੋਗ ਹੈ ਕਿ ਆਪ ਜੀ ਨੇ ਸਕੱਤਰ ਦੇ ਤੌਰ 'ਤੇ 19 ਸੈਕਟਰ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨੂੰ ਬਹੁਤ ਬਾਖੂਬੀ ਨਾਲ ਨਿਭਾਇਆ। ਕਮੇਟੀ ਨੂੰ ਚੰਗੇ ਸੁਝਾਅ ਦੇ ਕੇ ਅਤੇ ਆਪਣੇ ਅਮੋਲਕ ਪ੍ਰਬਚਨਾਂ ਰਾਹੀਂ ਗੁਰਮਤਿ ਪ੍ਰਚਾਰ ਦਾ ਉਪਰਾਲਾ ਕਰਦੇ ਰਹਿੰਦੇ ਸੀ। ਇਸ ਕਰਕੇ ਆਪ ਜੀ ਦੇ ਉਦਮ ਦੁਆਰਾ 19 ਸੈਕਟਰ ਵਿਖੇ ਹੀ ਸੰਤ ਮਹਾਰਾਜ ਜੀ ਦੇ ਦੀਵਾਨਾਂ ਦੀ ਸ਼ੁਰੂਆਤ ਸਨ 1960 ਵਿਚ ਕੀਤੀ ਗਈ ਸੀ। ਇਸੇ ਸਾਲ ਹੀ ਅਪ੍ਰੈਲ ਮਹੀਨੇ ਵਿਚ 19 ਸੈਕਟਰ ਦੇ ਖੁਲ੍ਹੇ ਮੈਦਾਨ ਵਿਚ ਸੰਤ ਮਹਾਰਾਜ ਜੀ ਦੇ ਦੀਵਾਨ ਲੱਗਣੇ ਸ਼ੁਰੂ ਹੋਏ ਸਨ। ਆਪ ਜੀ ਨੇ ਸੰਤ ਮਹਾਰਾਜ ਜੀ ਵਾਸਤੇ ਇਕ ਕੋਠੀ ਕਿਰਾਏ ਤੇ ਲੈ ਕੇ ਉਨ੍ਹਾਂ ਦੇ ਨਿਵਾਸ ਦਾ ਪ੍ਰਬੰਧ ਕੀਤਾ। ਇਥੇ ਸੰਤਾਂ ਦੀ ਸੇਵਾ ਤੇ ਲੰਗਰ ਪ੍ਰਸ਼ਾਦੇ ਦੀ ਜ਼ਿੰਮੇਵਾਰੀ ਬੀਜੀ ਵੱਲੋਂ ਬੜੇ ਸੁਚੱਜੇ ਢੰਗ ਨਾਲ ਨਿਭਾਈ ਗਈ ਸੀ। ਸੋ ਇਸ ਤਰ੍ਹਾਂ ਜਿੰਨੀ ਵਾਰੀ ਵੀ ਦੀਵਾਨ ਲੱਗਣੇ, ਜਥੇ ਦੇ ਸਿੰਘਾਂ ਤੇ ਸੰਗਤ ਦੇ ਲੰਗਰ ਦਾ ਸਾਰਾ ਪ੍ਰਬੰਧ ਬੀਜੀ, ਇਕ ਹੋਰ ਬੀਬੀ ਨੂੰ ਨਾਲ ਲੈ ਕੇ, ਆਪ ਕਰਿਆ ਕਰਦੇ ਸਨ। ਜਦੋਂ ਸੰਤ ਮਹਾਰਾਜ ਨੇ ਦੀਵਾਨ ਤੋਂ ਆਉਣਾ ਤਾਂ ਲੰਗਰ ਆਦਿ ਛਕਾ ਕੇ ਉਪਰੰਤ ਬਰਤਨ ਆਦਿ ਸਾਫ ਕਰਨੇ, ਰਾਤ ਦੇ 12 ਵਜੇ ਅਰਾਮ ਕਰਿਆ ਕਰਦੇ ਸਨ ਤੇ ਸਵੇਰੇ 2 ਵਜੇ ਉਠ ਕੇ ਫੇਰ ਸੇਵਾ ਵਿਚ ਲੱਗ ਪੈਂਦੇ ਸਨ। ਉਸ ਤੋਂ ਬਾਦ ਫੇਰ 1961 ਵਿਚ ਵੀ ਉਸੇ ਤਰ੍ਹਾਂ ਨਾਲ ਦੀਵਾਨ ਲੱਗੇ।

ਇਸ ਬਾਰੇ ਮਹਾਂਪੁਰਖ (ਸੰਤ ਵਰਿਆਮ ਸਿੰਘ ਜੀ) ਆਪ ਹੀ ਦਸਿਆ ਕਰਦੇ ਕਿ ਚੰਡੀਗੜ੍ਹ ਦੀ ਸੰਗਤ ਨੂੰ ਸੰਨ 1962 ਵਿਚ ਵੀ 14 ਮਈ ਤੋਂ 24 ਮਈ ਤਕ ਦੀਵਾਨਾਂ ਦਾ ਸਮਾਂ ਬਖਸ਼ਿਸ਼ ਕੀਤਾ ਗਿਆ। ਇਸ ਵਾਰੀ ਸੈਕਟਰ 10 ਵਿਖੇ ਸ. ਅਜਮੇਰ ਸਿੰਘ ਮਾਲ ਮੰਤਰੀ ਪੰਜਾਬ ਦੀ ਕੋਠੀ ਵਿਖੇ ਰਿਹਾਇਸ਼ ਦਾ ਪ੍ਰਬੰਧ ਪੱਕਾ ਕੀਤਾ ਗਿਆ ਅਤੇ ਪੰਜ ਬੀਬੀਆਂ ਦੀ ਡਿਊਟੀ ਵੀ ਲਗਾ ਦਿਤੀ ਗਈ ਸੀ ਤਾਂ ਕਿ ਜੇਕਰ ਅਸੀਂ 4-5 ਘੰਟੇ ਲੇਟ ਵੀ ਪਹੁੰਚੀਏ ਤਾ ਸੰਤ ਮਹਾਰਾਜ ਜੀ ਦੀ ਸੇਵਾ ਵਿਚ ਕੋਈ ਵਿਘਨ ਨਾ ਪਵੇ। ਬਾਬਾ ਜੀ ਦੀਵਾਨਾਂ ਸਮੇਂ ਕੁਲ ਖਰਚ ਆਪਣੇ ਕੋਲੋਂ ਕਰਿਆ ਕਰਦੇ ਸੀ। ਇਸ ਮੰਤਵ ਦੀ ਪੂਰਤੀ ਵਾਸਤੇ, ਬੀਜੀ ਸਮੇਤ ਆਪ ਜੀ ਆਪਣੇ ਫਾਰਮ, ਫੈਜ਼ਗੰਜ (ਅਨਵਰੀਆ), ਤਹਿਸੀਲ ਬਿਲਾਸਪੁਰ, ਯੂ.ਪੀ ਚਲੇ ਗਏ। ਵਾਪਸੀ ਵਿਚ ਜਦੋਂ ਰੇਲ ਗੱਡੀ ਰਾਮਪੁਰ ਸਟੇਸ਼ਨ ਤੋਂ ਚੱਲੀ ਤਾਂ ਬੀਜੀ ਨੂੰ ਅਤੀਸਾਰ (loose motion) ਲੱਗ ਗਏ। ਰੇਲ ਗੱਡੀ ਮੁਰਾਦਾਬਾਦ ਸਟੇਸ਼ਨ ਵੀ ਲੰਘ ਗਈ ਪਰ ਹਨ੍ਹੇਰੀ ਰਾਤ ਕਾਰਨ ਦਵਾਈ ਦਾ ਵੀ ਕੋਈ ਬੰਦੋਬਸਤ ਨਹੀਂ ਸੀ ਹੋ ਰਿਹਾ। ਸਾਰੇ ਮੁਸਾਫਰਾਂ ਨੇ ਇਕ ਹੋ ਕੇ ਕਿਹਾ ਕਿ ਸਰਦਾਰ ਜੀ! ਤੁਸੀਂ ਬੀਬੀ ਜੀ ਨੂੰ ਅਗਲੇ ਸਟੇਸ਼ਨ ਨਜੀਬਾਬਾਦ ਉਤਰ ਕੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾ ਦਿਓ ਜਾਂ ਕਿਸੇ ਪ੍ਰਾਈਵੇਟ ਡਾਕਟਰ, ਜਿਸ ਦਾ ਕਲੀਨਿਕ ਖੁਲ੍ਹਾ ਹੋਵੇ ਉਥੇ ਦਵਾਈ ਛੇਤੀ ਤੋਂ ਛੇਤੀ ਲੈਣ ਦਾ ਯਤਨ ਕਰੋ ਨਹੀਂ ਤਾਂ ਇਨ੍ਹਾਂ ਦੇ ਸਰੀਰ ਦਾ ਪਾਣੀ ਖਤਮ ਹੋ ਜਾਵੇਗਾ। ਬਾਬਾ ਜੀ, ਬੀਜੀ ਨੇ ਆਪਸ ਵਿਚ ਸਲਾਹ ਕੀਤੀ ਕਿ ਹੁਣ ਕੀ

ਕੀਤਾ ਜਾਵੇ, ਅੱਜ ਰਾਤ 14 ਮਈ ਨੂੰ ਸੰਤ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਸ਼ੁਰੂ ਹੋਣੇ ਹਨ, ਜੇ ਐਥੇ ਉਤਰ ਗਏ ਵੱਡੀ ਅਵੱਗਿਆ ਹੋਵੇਗੀ। ਉਸ ਵੇਲੇ ਬੀਜੀ ਕਹਿਣ ਲੱਗੇ ਕਿ ਜੇ ਮੇਰਾ ਸਰੀਰ ਛੁਟਣਾ ਹੈ ਤਾਂ ਕੋਈ ਸ਼ਕਤੀ ਨਹੀਂ ਰੋਕ ਸਕਦੀ, ਇਸ ਲਈ ਆਪਾਂ ਸਫਰ ਜਾਰੀ ਰੱਖੀਏ। ਕਹਿਣ ਲੱਗੇ ਕਿ ਜੇ ਮੈਂ ਚੜ੍ਹਾਈ ਕਰ ਗਈ ਤਾਂ ਮੇਰੇ ਸਰੀਰ ਦਾ ਸਸਕਾਰ ਜਾਂਦੇ ਹੀ ਕਰ ਦਿਓ ਪਰ ਸੰਤ ਮਹਾਰਾਜ ਜੀ ਦੀ ਸੰਭਾਲ ਵਿਚ ਕੋਈ ਫਰਕ ਨਾ ਪਵੇ। ਬਾਬਾ ਜੀ ਕਹਿਣ ਲੱਗੇ ਅਰਦਾਸ ਹੀ ਆਖਰੀ ਸਹਾਰਾ ਹੋਇਆ ਕਰਦੀ ਹੈ ਤੇ ਅਸੀਂ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰੋ ਅਸੀਂ ਚੰਡੀਗੜ੍ਹ ਪਹੁੰਚ ਜਾਈਏ। ਬਾਬਾ ਜੀ ਨੇ ਦਸਿਆ ਕਿ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਕਿ ਉਸੇ ਵੇਲੇ ਤੁਹਾਡੇ ਬੀਜੀ ਠੀਕ ਹੋ ਗਏ ਪਰ ਘਰ ਪਹੁੰਚਦਿਆਂ ਸਾਰ ਹੀ ਫੇਰ ਉਸੇ ਤਰ੍ਹਾਂ ਅਤੀਸਾਰ (loose motion) ਲੱਗ ਗਏ। ਉਸ ਵੇਲੇ ਬੀਜੀ ਨੂੰ ਇਕ ਮੰਜੇ ਤੇ ਲਿਟਾ ਦਿਤਾ ਗਿਆ ਤੇ ਉਹ ਬੀਬੀਆਂ ਨੂੰ ਲੰਗਰ ਦੀ ਸੇਵਾ ਦੀ ਵਿਉਂਤ ਬਾਰੇ ਦਸਦੇ ਰਹੇ। ਇਤਨੇ ਨੂੰ ਅੰਗੀਠੀ ਤੇ ਗਰਮ ਪਾਣੀ ਰੱਖ ਦਿਤਾ ਗਿਆ ਤੇ ਉਸੇ ਵੇਲੇ ਸੰਤ ਮਹਾਰਾਜ ਜੀ ਦੀ ਕਾਰ ਦਾ ਹੌਰਨ ਵੱਜਿਆ ਤੇ ਚਰਨ-ਬੰਦਨਾਂ ਕਰਕੇ ਉਨ੍ਹਾਂ ਦੇ ਇਸ਼ਨਾਨ ਵਾਸਤੇ ਬਾਥਰੂਮ ਵਿਚ ਪਾਣੀ ਰੱਖ ਦਿਤਾ ਤੇ ਉਹ ਇਸ਼ਨਾਨ ਕਰਨ ਚਲੇ ਗਏ। ਬਾਬਾ ਜੀ ਕਾਹਲੀ ਨਾਲ ਲੰਗਰ ਵੱਲ ਦੇਖਣ ਲਈ ਆਏ ਕਿ ਬੀਜੀ (ਬੀਜੀ ਰਣਜੀਤ ਕੌਰ) ਦੀ ਹਾਲਤ ਕੈਸੀ ਹੈ? ਬਾਬਾ ਜੀ ਕਹਿਣ ਲੱਗੇ ਕਿ ਮੈਂ ਉਸ ਨੂੰ ਦੇਖ ਕੇ ਹੈਰਾਨ ਰਹਿ ਗਿਆ ਕਿ ਉਹ ਬਿਲਕੁਲ ਤੰਦਰੁਸਤ ਖੜ੍ਹੇ ਹਨ ਤੇ ਲੰਗਰ ਦੀ ਸੇਵਾ ਕਰਵਾ ਰਹੇ ਹਨ। ਜਦੋਂ ਸੰਤ ਮਹਾਰਾਜ ਜੀ ਇਸ਼ਨਾਨ ਕਰਕੇ ਵਾਪਸ ਆਏ, ਮੈਂ ਦੇਖਿਆ ਕਿ ਉਨ੍ਹਾਂ ਦੀ ਉਂਗਲੀ ਉਪਰ ਕੋਈ ਚੋਟ ਵੱਜੀ ਹੈ ਤੇ ਖੂਨ ਨਿਕਲ ਰਿਹਾ ਹੈ। ਬਾਬਾ ਜੀ ਨੇ ਉਸੇ ਵੇਲੇ ਡਾਕਟਰ ਨੂੰ ਲਿਆ ਕੇ ਪੱਟੀ ਕਰਵਾਈ ਪਰ ਇਸ ਕਰਿਸ਼ਮੇ ਨੂੰ ਸਮਝਣਾ ਮੁਸ਼ਕਲ ਸੀ। ਜਦੋਂ ਸੰਤ ਮਹਾਰਾਜ ਜੀ ਨੂੰ ਸੰਗਤਾਂ ਪੁੱਛਦੀਆਂ ਕਿ ਆਪ ਜੀ ਨੇ ਉਂਗਲ ਤੇ ਪੱਟੀ ਕਿਉਂ ਬੰਨ੍ਹੀ ਹੈ ਤੈ ਉਹ ਮੇਰੇ ਵੱਲ ਇਸ਼ਾਰਾ ਕਰ ਦਿੰਦੇ ਸਨ। ਬਾਬਾ ਜੀ ਦੱਸਿਆ ਕਰਦੇ ਸਨ ਕਿ ਇਸ ਦਾ ਭੇਤ ਮੇਰੇ ਇਕ ਮਿੱਤਰ ਸ. ਕਰਤਾਰ ਸਿੰਘ ਸੈਕਟਰੀ, ਪੰਜਾਬ ਸਰਕਾਰ ਨੇ ਖੋਲ੍ਹਿਆ ਕਿ ਬੀਬੀ ਜੀ ਦੀ ਬੀਮਾਰੀ, ਸੰਤ ਮਹਾਰਾਜ ਜੀ ਨੇ ਆਪਣੀ ਉਂਗਲ ਉਪਰ ਲੈ ਕੇ ਉਨ੍ਹਾਂ ਤੋਂ ਸੇਵਾ ਕਰਵਾ ਲਈ ਸੀ। ਬਾਬਾ ਜੀ ਕਹਿਣ ਲੱਗੇ ਕਿ ਫੇਰ ਸਾਨੂੰ ਸਮਝ ਪਈ ਕਿ ਦੇਖੋ! ਸੰਤ ਮਹਾਂਪੁਰਸ਼ ਕਿਤਨੇ ਦਿਆਲੂ ਹੁੰਦੇ ਹਨ, ਆਪਣੇ ਪਿਆਰਿਆਂ ਦਾ ਦੁਖ ਦੇਖ ਨਹੀਂ ਸਕਦੇ ਤੇ ਕਸ਼ਟ ਆਪਣੇ ਸਰੀਰ ਤੇ ਲੈ ਕੇ ਸਾਰੀ ਸੇਵਾ ਕਰਵਾਈ ਹੈ। ਇਸ ਤਰ੍ਹਾਂ ਨਾਲ ਸੇਵਾ-ਸਿਮਰਨ ਕਰਦਿਆਂ, ਸਮਾਂ ਆਪਣੀ ਤੋਰ ਚਲਦਾ ਰਹਿੰਦਾ ਸੀ। ਬੀਜੀ ਕਈ ਵਾਰੀ ਬਚਨ ਕਰਿਆ ਕਰਦੇ ਸਨ ਕਿ ਜਦੋਂ ਸੰਤ ਮਹਾਰਾਜ ਨੇ ਦੀਵਾਨ ਲਾ ਕੇ ਚਲੇ ਜਾਣਾ ਤਾਂ ਜਿਥੇ ਅਸੀਂ ਅੰਤਰ ਆਤਮੇ ਖਿੜ ਜਾਂਦੇ ਸੀ ਉਥੇ ਹੀ ਸਾਨੂੰ ਐਨੀ ਖੁਸ਼ੀ ਹੁੰਦੀ ਕਿ ਜਿਵੇਂ ਸਾਨੂੰ ਪਤਾ ਨਹੀਂ ਕੋਈ ਅਮੋਲਕ ਵਸਤੂ ਮਿਲ ਗਈ ਹੋਵੇ। ਸੱਚਮੁੱਚ ਸਾਖਸ਼ਾਤ ਪ੍ਰੇਮ ਦੀ ਮੂਰਤ ਸੰਤ ਮਹਾਰਾਜ ਜੀ ਦੇ ਨੇੜੇ ਹੋ ਕੇ ਰਹਿਣ ਦਾ ਅਵਸਰ ਪ੍ਰਾਪਤ ਹੋ ਜਾਣਾ, ਵੱਡੇ ਭਾਗਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ। ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਨੇ ਦਾਸ ਨੂੰ ਇਕ ਵੇਰਾਂ ਦਸਿਆ ਸੀ ਕਿ ਸੰਤਾਂ ਦੇ ਸੰਪਰਕ ਤੇ ਉਹਨਾਂ ਦੇ ਓਰੇ ਵਿਚ ਰਹਿਣ ਵਾਲਾ ਭਾਗਸ਼ਾਲੀ ਹੁੰਦਾ ਹੈ। ਸੰਤਾਂ ਦੀ ਸੇਵਾ ਵਿਚ ਰਹਿਣ ਕਰਕੇ ਉਸ ਦੀ ਲਿਵ ਸੁਤੇਸਿਧ ਨਾਮ ਵਿਚ ਲੱਗੀ ਰਹਿੰਦੀ ਹੈ।

ਇਥੇ ਦੀ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਸੰਗਤਾਂ ਨੂੰ ਸੰਤ ਮਹਾਰਾਜ ਜੀ ਨਾਲ ਮਿਲਾਉਣ ਦੀ ਡਿਊਟੀ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਦੀ ਹੁੰਦੀ ਸੀ। ਇਕ ਦਿਨ ਸ਼ਾਮ ਦੇ ਚਾਰ ਵੱਜੇ ਸਨ ਕਿ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਅਫਸਰਾਂ ਸਮੇਤ ਮਿਲਣ ਵਾਸਤੇ ਆ ਗਿਆ। ਕਹਿੰਦਾ ਕਿ ਮੈਂ ਅਸੈਂਬਲੀ 'ਚੋਂ ਉਠ ਕੇ ਆਇਆ ਹਾਂ, ਮੈਨੂੰ ਜਲਦੀ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਵਾ ਦਿਓ। ਬਾਬਾ ਜੀ ਨੇ ਅੰਦਰ ਜਾ ਕੇ ਦਸਿਆ ਤਾਂ ਸੰਤ ਮਹਾਰਾਜ ਜੀ ਕਹਿੰਦੇ, ਉਸ ਨੂੰ ਕਿਸ ਨੇ ਬੁਲਾਇਆ ਹੈ? ਬਾਬਾ ਜੀ ਕਹਿੰਦੇ ਆਪ ਹੀ ਆਇਆ ਹੈ। ਜਦੋਂ ਬਾਬਾ ਜੀ ਨੇ ਤੀਜੀ ਵਾਰੀ ਦੱਸਿਆ ਤਾਂ ਸੰਤ ਮਹਾਰਾਜ ਕਹਿੰਦੇ, ਕਿੰਨੇ ਪ੍ਰੇਮੀ ਮਿਲਣ ਆਏ ਹਨ ਤਾਂ ਬਾਬਾ ਜੀ ਨੇ ਦੱਸਿਆ ਕਿ 13 ਹਨ। ਮਹਾਂਪੁਰਸ਼ ਬੇਪਰਵਾਹ ਹੁੰਦੇ ਹਨ।

*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*

*ਅੰਗ - ੭੧੧*

ਸੰਤ ਮਹਾਰਾਜ ਜੀ ਕਹਿੰਦੇ ਪਹਿਲਾਂ 13 ਨੂੰ

ਅੰਦਰ ਭੇਜੋ, ਉਸ ਨੂੰ 14ਵੇਂ ਨੰਬਰ 'ਤੇ ਭੇਜੋ। ਬਾਬਾ ਜੀ ਨੇ ਸੰਤ ਮਹਾਰਾਜ ਜੀ ਦਾ ਹੁਕਮ ਸੁਣਾ ਦਿਤਾ। ਮੁਖ ਮੰਤਰੀ ਕਹਿਣ ਲੱਗਿਆ ਮੈਨੂੰ ਮਿਲਣ ਵਾਲਿਆਂ ਦੀਆਂ ਵੀ ਲਾਈਨਾਂ ਲਗਦੀਆਂ ਹਨ ਤੇ ਅੱਜ ਪਤਾ ਲੱਗਿਆ ਕਿ ਲਾਈਨ ਵਿਚ ਕਿਵੇਂ ਖੜ੍ਹੀਦਾ ਹੈ? ਸਭ ਤੋਂ ਪਿਛੋਂ ਵਾਰੀ ਆਈ, ਚਰਨਾਂ 'ਤੇ ਮੱਥਾ ਟੇਕ ਕੇ 20 ਮਿੰਟ ਬੈਠ ਕੇ 'ਧਰਮੀ ਰਾਜੇ ਦੇ ਪਰਜਾ ਪ੍ਰਤੀ ਫਰਜ਼' ਦੇ ਬਚਨ ਸਰਵਣ ਕਰਦਾ ਰਿਹਾ ਤੇ ਸੀਸ ਨਿਵਾ ਕੇ ਰੁਖ਼ਸਤ ਹੋ ਗਿਆ। ਸੋ ਇਸ ਤਰ੍ਹਾਂ ਨਾਲ ਪ੍ਰਭੂ ਦੇ ਪਿਆਰੇ ਸੰਤ ਬੇਪਰਵਾਹ, ਨਿਰਭਉ ਤੇ ਨਿਰਵੈਰ ਹੁੰਦੇ ਹਨ।

ਜਦੋਂ ਵੀ ਚੰਡੀਗੜ੍ਹ ਦੇ ਦੀਵਾਨ ਹੁੰਦੇ ਤਾਂ ਸੰਤ ਮਹਾਰਾਜ ਬਾਬਾ ਜੀ-ਬੀਜੀ ਹੋਰਾਂ ਕੋਲ ਆ ਕੇ 20-25 ਦਿਨ ਜਾਂ ਕਈ ਦਫਾ ਡੇਢ ਮਹੀਨਾ ਨਿਵਾਸ ਰੱਖਿਆ ਰਖਦੇ ਸਨ ਕਿਉਂਕਿ ਪ੍ਰਸ਼ਾਦ-ਪਾਣੀ ਦੀ ਸੇਵਾ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੀ ਹੁੰਦੀ ਸੀ। ਸੰਤ ਮਹਾਰਾਜ ਜੀ ਕੀਰਤਨ ਤੋਂ ਆ ਕੇ 11 ਵਜੇ ਦੇ ਕਰੀਬ ਕੁਝ ਛਕਿਆ ਕਰਦੇ ਸਨ। ਉਸ ਪਿਛੋਂ ਸੰਤ ਮਹਾਰਾਜ ਜੀ ਬਿਰਾਜ ਜਾਂਦੇ ਤੇ ਬਾਬਾ ਜੀ-ਬੀਜੀ ਕੰਮ ਸਮੇਟ ਕੇ ਭੁੰਜੇ ਧਰਤੀ 'ਤੇ ਹੀ ਪੈ ਜਾਇਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਇਕ ਵਜੇ ਉਠਣਾ ਤੇ ਇਨ੍ਹਾਂ ਨੇ ਜਾ ਕੇ ਫੇਰ ਜਲ-ਪਾਣੀ ਦੀ ਸੇਵਾ ਕਰਨੀ। ਇਸ ਦੌਰਾਨ ਬੀਜੀ ਹੋਰਾਂ ਨੂੰ ਆਰਾਮ ਵਾਸਤੇ ਸਿਰਫ ਇਕ ਘੰਟਾ ਹੀ ਮਿਲਦਾ ਸੀ ਅਤੇ ਸੰਤ ਮਹਾਰਾਜ ਜੀ ਦੇ ਸਰੀਰ ਦੀ ਆਯੂ 60 ਸਾਲ ਦੇ ਕਰੀਬ ਚਲ ਰਹੀ ਸੀ। ਸਭ ਕੁਝ ਪ੍ਰਾਪਤ ਕਰਨ ਦੇ ਬਾਵਜੂਦ ਵੀ ਆਪ ਜੀ (ਸੰਤ ਮਹਾਰਾਜ ਜੀ) ਨੇ ਮਰਿਯਾਦਾ ਕਾਇਮ ਰੱਖੀ ਅਤੇ ਅੰਮ੍ਰਿਤ ਵੇਲੇ ਉਠਣ ਦੀ ਜਾਚ ਸਿਖਾਈ। ਬੀਜੀ ਦੱਸਿਆ ਕਰਦੇ ਸਨ ਕਿ ਸੰਤ ਮਹਾਰਾਜ ਜੀ ਸਾਡੀ ਮਾਲੀ ਹਾਲਤ ਤੋਂ ਭਲੀ ਭਾਂਤ ਜਾਣੂ ਹਨ। ਉਨ੍ਹਾਂ ਨੂੰ ਪਤਾ ਸੀ ਕਿ ਇਹ ਦੰਪਤੀ ਥੋੜ੍ਹੀ ਤਨਖਾਹ ਵਿਚ ਬੜੇ ਸਬਰ ਸੰਤੋਖ ਨਾਲ ਆਪਣੇ ਪਰਿਵਾਰ ਦਾ ਨਿਰਬਾਹ ਕਰ ਰਹੇ ਹਨ। ਦਸਿਆ ਕਿ ਇਕ ਦਿਨ ਦਾ ਜ਼ਿਕਰ ਹੈ ਕਿ ਅਸੀਂ ਦੋਵੇਂ ਜਣੇ ਉਨ੍ਹਾਂ ਦੇ ਕੋਲ ਬੈਠੇ ਸੀ ਤੇ ਨੇੜੇ ਸੰਗਤ ਦਾ ਕੋਈ ਵੀ ਪ੍ਰੇਮੀ ਨਹੀਂ ਸੀ। ਸੰਤ ਮਹਾਰਾਜ ਜੀ ਨੇ ਮੇਰੇ (ਸੰਤ ਵਰਿਆਮ ਸਿਮਘ ਜੀ) ਵੱਲ ਇਸ਼ਾਰਾ ਕਰਕੇ ਇਕ ਸਵਾਲ ਵਾਲਾ ਬਚਨ ਕੀਤਾ, ਪੁੱਛਣ ਲੱਗੇ, ਭਾਈ ਜੀ ਦੱਸੋ! ਕੀ ਦਾਨ ਦੇਣ ਨਾਲ ਮਾਇਆ ਘਟ ਜਾਂਦੀ ਹੈ? ਮੈਂ ਕਿਹਾ, ਨਹੀਂ ਮਹਾਰਾਜ। ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਜਿਸ ਤਰ੍ਹਾਂ ਜ਼ਮੀਨ ਵਿਚੋਂ ਚਸ਼ਮੇ ਦਾ ਪਾਣੀ ਬੜੇ ਜ਼ੋਰ ਨਾਲ ਨਿਕਲਦਾ ਹੈ, ਇਸ ਤਰ੍ਹਾਂ ਨਾਲ ਉਬਲ ਲੱਗ ਜਾਇਆ ਕਰਦੀ ਹੈ, ਮਾਇਆ ਇਸ ਤਰੀਕੇ ਨਾਲ ਆ ਜਾਂਦੀ ਹੈ। ਉਨ੍ਹਾਂ ਦੇ ਕਹਿਣ ਤੋਂ ਭਾਵ ਸੀ ਕਿ ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਅਤੇ ਸੰਗਤ ਦੀ ਸੇਵਾ ਨਿਸਫਲ ਨਹੀਂ ਜਾਇਆ ਕਰਦੀ ਸਗੋਂ ਐਸਾ ਦਾਨ ਹਜ਼ਾਰਾਂ ਗੁਣਾਂ ਵਧ ਜਾਇਆ ਕਰਦਾ ਹੈ। ਉਸ ਵੇਲੇ ਬੀਜੀ ਤੇ ਬਾਬਾ ਜੀ, ਦੋਵਾਂ ਨੇ ਸਿਰ ਝੁਕਾ ਕੇ ਕਿਹਾ ਕਿ ਮਹਾਰਾਜ ਜੀ! ਆਪ ਜੀ ਦਾ ਬਚਨ ਸਤਿ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ਼ ਹੈ। ਇਹ ਬਚਨ ਉਸ ਵੇਲੇ ਪੂਰੇ ਹੋਏ ਜਦੋਂ ਅਸੀਂ ਯੂ.ਪੀ ਜਾ ਕੇ ਫਾਰਮ ਆਬਾਦ ਕੀਤਾ। ਪਾਠਕਾਂ ਦੇ ਗਿਆਤ ਲਈ ਇਸ ਦਾ ਜ਼ਿਕਰ ਅਗਲੇ ਪ੍ਰਸੰਗ ਵਿਚ ਆਵੇਗਾ।

ਇਸ ਤਰ੍ਹਾਂ ਨਾਲ ਹਰ ਸਾਲ ਹਜ਼ਾਰਾਂ ਸੰਗਤਾਂ ਬੜੇ ਉਤਸ਼ਾਹ ਨਾਲ ਇਨ੍ਹਾਂ ਧਾਰਮਿਕ ਦੀਵਾਨਾਂ ਵਿਚ ਹਾਜ਼ਰੀ ਭਰ ਕੇ ਗੁਰਮਤਿ ਗਾਡੀ ਰਾਹ ਦੀਆਂ ਪਾਂਧੀ ਬਣ ਰਹੀਆਂ ਸਨ। ਸੰਤ ਮਹਾਰਾਜ ਜੀ ਦਾ ਰੂਹਾਨੀ ਕੀਰਤਨ ਤੇ ਨਾਮ-ਬਾਣੀ ਦਾ ਪ੍ਰਵਾਹ ਤਪ ਰਹੇ ਹਿਰਦਿਆਂ ਨੂੰ ਠਾਰ ਕੇ ਨਵੇਂ ਆਤਮਿਕ ਜੀਵਨ ਜੀਊਣ ਲਈ ਉਤਸ਼ਾਹ ਭਰਦਾ ਸੀ। ਸਾਰੀਆਂ ਧਾਰਮਿਕ ਸੰਪਰਦਾਵਾਂ ਦੇ ਪ੍ਰੇਮੀਆਂ ਦੀ ਆਤਮਿਕ ਤ੍ਰਿਪਤੀ ਹੁੰਦੀ ਸੀ। ਦਰਗਾਹੋਂ ਬਖਸ਼ੇ ਹੋਏ ਮਹਾਂਪੁਰਖਾਂ ਦਾ ਕੀਰਤਨ ਅੰਮ੍ਰਿਤ ਦੇ ਝਰਨੇ ਵਾਂਗ ਹੁੰਦਾ ਹੈ ਜੋ ਕਿ ਅਨੇਕਾਂ ਜਨਮਾਂ ਦੇ ਮੈਲੇ ਹੋਏ ਅੰਤਸ਼ਕਰਣ ਨੂੰ ਧੋ ਕੇ ਨਿਰਮਲ ਕਰ ਦਿੰਦਾ ਹੈ। ਕਿਉਂਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਉਪਦੇਸ਼ ਸਭ ਵਾਸਤੇ ਸਾਂਝਾ ਹੈ।

*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥*
*ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥*
*ਅੰਗ - ੩੨੦*

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥* *ਅੰਗ- ੭੪੭*

ਇਸ ਦੌਰਾਨ ਸਵੇਰੇ ਸ਼ਾਮ ਸੰਤ ਮਹਾਰਾਜ ਜੀ ਜਗਿਆਸੂਆਂ ਵੱਲੋਂ ਪੁੱਛੇ ਗਏ ਰੂਹਾਨੀ ਸਵਾਲਾਂ ਦੇ ਜਵਾਬ ਦੇ ਕੇ ਕ੍ਰਿਤਾਰਥ ਕਰਿਆ ਕਰਦੇ ਸਨ। ਸਾਰੇ ਸਵਾਲ ਆਪ ਜੀ (ਸੰਤ ਵਰਿਆਮ ਸਿੰਘ ਜੀ) ਲਿਖ ਲੈਂਦੇ ਤੇ ਫੇਰ ਸੰਤ ਮਹਾਰਾਜ ਅੱਗੇ ਅਰਜ਼ ਕਰਕੇ ਸੁਣਾਉਂਦੇ। ਆਪਣੇ ਹਰ ਇਕ ਸਵਾਲ ਦਾ ਉਤਰ ਸੁਣ ਕੇ ਜਗਿਆਸੂਆਂ ਦੇ ਸਾਰੇ ਭਰਮ-ਭੁਲੇਖੇ (ਸ਼ੰਕੇ)

ਨਵਿਰਤ ਹੋ ਜਾਇਆ ਕਰਦੇ ਸਨ। ਇਸ ਤਰ੍ਹਾਂ ਨਾਲ ਰੂਹਾਨੀਅਤ ਦੇ ਰਸਤੇ ਚਲਣ ਵਾਲੇ ਨਾਮ ਅਭਿਆਸੀ ਲਾਹਾ ਪ੍ਰਾਪਤ ਕਰਦੇ ਸਨ।

ਦੀਵਾਨਾਂ ਦੀ ਸਮਾਪਤੀ ਤੋਂ ਬਾਅਦ ਆਪ ਜੀ ਦੀ ਤੇ ਸਾਰੇ ਪਰਿਵਾਰ ਅੰਦਰ ਦਰਸ਼ਨਾਂ ਦੀ ਖਿੱਚ ਬਣੀ ਰਹਿੰਦੀ ਸੀ। ਆਪ ਜੀ ਦਸਿਆ ਕਰਦੇ ਕਿ ਮਹੀਨੇ ਵਿਚ ਇਕ ਵਾਰ ਅਸੀਂ ਸਾਰਾ ਪਰਿਵਾਰ ਰਾੜਾ ਸਾਹਿਬ ਜਾਇਆ ਕਰਦੇ ਸੀ। ਇਸੇ ਤਰ੍ਹਾਂ ਨਾਲ ਆਪ ਦੀ ਸੰਗਤ ਸਦਕਾ ਦਫਤਰ ਦੇ ਸਾਥੀਆਂ ਵਿਚ ਵੀ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਅਤੇ ਉਨ੍ਹਾਂ ਦੇ ਅਮੋਲਕ ਬਚਨ ਸਰਵਣ ਕਰਨ ਦੀ ਖਿੱਚ ਬਣੀ ਰਹਿੰਦੀ ਸੀ। ਇਕ ਦਿਨ ਸਾਥੀ ਪ੍ਰੇਮੀ ਕਹਿਣ ਲੱਗੇ ਕਿ ਦੋ ਛੁੱਟੀਆਂ ਆ ਰਹੀਆਂ ਹਨ ਕਿਉਂ ਨਾ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਰਾੜਾ ਸਾਹਿਬ ਚੱਲੀਏ ਨਾਲੇ ਰਸਤੇ ਵਿਚ ਪੈਂਦੇ ਗੁਰਧਾਮਾਂ ਦੇ ਦਰਸ਼ਨ ਕਰਦੇ ਜਾਵਾਂਗੇ। ਇਸ ਤਰ੍ਹਾਂ ਨਾਲ ਅਸੀਂ ਸਾਰੇ ਆਪੋ ਆਪਣੇ ਸਾਈਕਲਾਂ ਤੇ ਸਵਾਰ ਹੋ ਕੇ ਤੁਰ ਪਏ। ਸ੍ਰੀ ਚਮਕੌਰ ਸਾਹਿਬ, ਸ੍ਰੀ ਮਾਛੀਵਾੜਾ ਸਾਹਿਬ ਤੋਂ ਹੋ ਕੇ ਗੁਰਦਵਾਰਾ ਕਟਾਣਾ ਸਾਹਿਬ ਪਹੁੰਚ ਗਏ ਤੇ ਸ਼ਾਮ ਹੋ ਰਹੀ ਸੀ, ਸਾਰੇ ਥੱਕ ਗਏ ਸਨ। ਉਥੋਂ ਸਲਾਹ ਬਣੀ ਕਿ ਰਾੜਾ ਸਾਹਿਬ ਚੱਲੀਏ ਰਾਤ ਅਰਾਮ ਕਰਕੇ ਅਗਲੇ ਗੁਰਧਾਮਾਂ ਦੇ ਦਰਸ਼ਨ ਕਰਾਂਗੇ। ਸਾਰੇ ਕਹਿਣ ਲੱਗੇ ਕਿ ਜੇ ਜਾਂਦਿਆਂ ਹੀ ਗਰਮ ਦੁੱਧ ਮਿਲ ਜਾਵੇ, ਗਰਮ ਪਾਣੀ ਨਾਲ ਹੱਥ ਪੈਰ (ਪੰਜ ਇਸ਼ਨਾਨਾ) ਕਰੀਏ, ਰਾਤ ਨੂੰ ਗਦੈਲਿਆਂ ਵਾਲਾ ਵੱਖਰਾ ਕਮਰਾ ਆਰਾਮ ਕਰਨ ਨੂੰ ਮਿਲ ਜਾਵੇ ਤਾਂ ਵਧੀਆ ਰਹੇਗਾ। ਉਧਰ ਪੂਰਨਮਾਸ਼ੀ ਦਾ ਦੀਵਾਨ ਸੀ ਤੇ ਰਾਤ ਦੇ 9 ਵਜੇ ਅਸੀਂ ਪਹੁੰਚੇ ਤਾਂ ਸੰਤ ਮਹਾਰਾਜ ਜੀ ਸਾਨੂੰ ਉਡੀਕ ਰਹੇ ਸੀ। ਜਦੋਂ ਅਸੀਂ ਪਹੁੰਚੇ ਤਾਂ ਸੇਵਾਦਾਰ ਨੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿਤਾ ਤੇ ਕਿਹਾ ਜਲਦੀ ਕਰੋ ਸੰਤ ਮਹਾਰਾਜ ਜੀ ਤੁਹਾਨੂੰ ਉਡੀਕ ਰਹੇ ਹਨ। ਜਦੋਂ ਮਿਲੇ, ਕਹਿੰਦੇ ਭਾਈ ਗਰਮ ਪਾਣੀ ਤਿਆਰ ਹੈ, ਹੱਥ ਮੂੰਹ ਧੋਵੋ, ਫੇਰ ਗਰਮ-ਗਰਮ ਦੁੱਧ ਛਕੋ, ਤੁਹਾਡਾ ਥਕੇਵਾਂ ਲਹਿ ਜਾਵੇ, ਤੁਹਾਡੇ ਆਰਾਮ ਲਈ ਗਦੈਲਿਆਂ ਵਾਲਾ ਕਮਰਾ ਤਿਆਰ ਹੈ, ਫੇਰ ਆਰਾਮ ਕਰ ਲੈਣਾ। ਅਸੀਂ ਹੁਣ ਦੀਵਾਨ ਤੇ ਜਾਣਾ ਹੈ ਜੇ ਕੋਈ ਹੋਰ ਸਵਾਲ ਹੈ ਦੱਸੋ। ਸਾਰਿਆਂ ਨੇ ਹੱਥ ਜੋੜ ਕੇ ਸੀਸ ਨਿਵਾਇਆ ਤੇ ਸਾਥੀ ਆਪਣੀ ਗਲਤੀ ਤੇ ਸ਼ਰਮਸ਼ਾਰ ਤੇ ਹੈਰਾਨ ਹੋ ਰਹੇ ਸਨ ਕਿ ਮਹਾਂਪੁਰਸ਼ ਤਾਂ ਜਾਣੀ-ਜਾਣ ਹਨ। ਸਭ ਨੇ ਆਪਣੀ ਭੁੱਲ ਦੀ ਮਾਫੀ ਮੰਗੀ ਕਿ ਸਾਡੇ ਵਾਸਤੇ ਪਰਤਿਆਵਾ ਲੈਣਾ ਵਾਜਿਬ ਨਹੀਂ ਸੀ ਤੇ ਸਾਰਿਆਂ ਦੇ ਨੇਤਰਾਂ ਵਿਚ ਪਛਤਾਵੇ ਦੇ ਅੱਥਰੂ ਸਨ। ਸੰਤ ਮਹਾਰਾਜ ਜੀ ਦਿਆਲੂ ਸਨ ਉਨ੍ਹਾਂ ਨੇ ਸਾਡੇ ਔਗੁਣਾਂ ਨੂੰ ਚਿਤਾਰਿਆ ਨਹੀਂ ਤੇ ਬੜੇ ਪਿਆਰ ਨਾਲ ਕਿਹਾ ਹੁਣ ਅਸੀਂ ਦੀਵਾਨ ਤੇ ਜਾਣਾ ਹੈ, ਲੇਟ ਹੋ ਰਹੇ ਹਾਂ, ਤੁਸੀਂ ਥੱਕੇ ਹੋਏ ਹੋ, ਆਰਾਮ ਕਰੋ। ਤੱਤੇ ਬੇਤੇ ਮਹਾਂਪੁਰਸ਼ ਅਨੰਤ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਕਿਸੇ ਨੂੰ ਭੇਤ ਨਹੀਂ ਦਿੰਦੇ, ਗੁਪਤ ਹੀ ਰਹਿੰਦੇ ਹਨ।

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥*

*ਅੰਗ - ੧੩੮੪*

